© ਅਰਮਾਨ (ARMAAN) | ISSN: 2583-9446 (O)

ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040318

Volume 4, Issue 3| July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.18

| DOI | Received Date | Accepted Date | Published Date |
|---|---|---|---|
| 10.64119/armaan.vol.4.issue3.18 | August 10, 2026 | August 31, 2026 | September 05, 2026 |

ਖੋਜ ਪੇਪਰ (Research Article)

# ਨਾਮਧਾਰੀ ਸੰਪਰਦਾ: ਜਨਮ, ਵਿਕਾਸ ਅਤੇ ਵਰਤਮਾਨ

## Namdhari Samparda: Janam, Vikas Ate Vartmaan

**ਗੁਰਲਾਲ ਸਿੰਘ (Gurlal Singh)**

ਖੋਜਾਰਥੀ (Research Scholar)

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ- 110007

ORCID: 0009-0002-2712-3345

*E-Mail:* gurlalgill6980@gmail.com

### *ਸਾਰ (Abstract)*

*ਨਾਮਧਾਰੀ ਸੰਪ੍ਰਦਾ ਸਿੱਖ ਇਤਿਹਾਸ ਦਾ ਇੱਕ ਅਹਿਮ ਅਤੇ ਵਿਲੱਖਣ ਅਧਿਆਇ ਹੈ। ਇਹ ਮਹਿਜ਼ ਇੱਕ ਧਾਰਮਿਕ ਲਹਿਰ ਨਹੀਂ, ਸਗੋਂ ਇਸ ਨੇ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਅਤੇ ਇਤਿਹਾਸਕ ਚੇਤਨਾ ਨੂੰ ਡੂੰਘਾ ਪ੍ਰਭਾਵਿਤ ਕੀਤਾ। ਪੰਜਾਬੀ ਸੱਭਿਆਚਾਰ ਅੰਦਰ ਇਸ ਲਹਿਰ ਨੇ ਆਪਣੀ ਨਿਵੇਕਲੀ ਰਹਿਤ-ਮਰਿਆਦਾ, ਅਨੁਸ਼ਾਸਨ ਅਤੇ ਜੀਵਨ-ਦ੍ਰਿਸ਼ਟੀ ਸਦਕਾ ਇੱਕ ਵਿਲੱਖਣ ਪਛਾਣ ਕਾਇਮ ਕੀਤੀ। ਨਾਮਧਾਰੀ ਪਰੰਪਰਾ ਦਾ ਪ੍ਰਮੁੱਖ ਪਹਿਲੂ ਇਸ ਦਾ ਸੰਘਰਸ਼ਸ਼ੀਲ ਸੁਭਾਅ ਰਿਹਾ ਹੈ। ਉੱਨੀਵੀਂ ਸਦੀ ਵਿੱਚ ਬਸਤੀਵਾਦੀ ਅੰਗਰੇਜ਼ੀ ਹਕੂਮਤ ਦੇ ਪੈਰ ਪਸਾਰਨ ਦੌਰਾਨ, ਇਸ ਲਹਿਰ ਨੇ ਆਪਣੀ ਧਾਰਮਿਕ-ਸਮਾਜਿਕ ਚੇਤਨਾ ਨੂੰ ਸਿਆਸੀ ਵਿਰੋਧ ਦਾ ਰੂਪ ਦਿੱਤਾ। ਸਰਕਾਰੀ ਦਮਨ, ਮੁਕੱਦਮਿਆਂ ਅਤੇ ਗ੍ਰਿਫ਼ਤਾਰੀਆਂ ਦੇ ਬਾਵਜੂਦ ਇਸ ਦੀ ਸੰਘਰਸ਼-ਚੇਤਨਾ ਨੇ ਇਸ ਦੇ ਇਤਿਹਾਸ ਨੂੰ ਵਿਸ਼ੇਸ਼ ਗੰਭੀਰਤਾ ਪ੍ਰਦਾਨ ਕੀਤੀ। ਇਸ ਲਈ ਨਾਮਧਾਰੀ ਸੰਪ੍ਰਦਾ ਨੂੰ ਸਿਰਫ਼ ਧਾਰਮਿਕ ਦਾਇਰੇ ਵਿੱਚ ਸੀਮਤ ਕਰਕੇ ਨਹੀਂ ਵੇਖਿਆ ਜਾ ਸਕਦਾ; ਇਸ ਵਿੱਚ ਧਰਮ ਦੇ ਨਾਲ-ਨਾਲ ਸੱਭਿਆਚਾਰ, ਸਮਾਜ-ਸੁਧਾਰ, ਸਿੱਖਿਆ, ਸਿਹਤ, ਸੇਵਾ ਅਤੇ ਸੰਘਰਸ਼ ਦੇ ਪੱਖ ਆਪਸ ਵਿੱਚ ਗੁੰਦੇ ਹੋਏ ਹਨ। ਪ੍ਰਸਤੁਤ ਖੋਜ ਪੱਤਰ ਦਾ ਮੁੱਖ ਉਦੇਸ਼ ਨਾਮਧਾਰੀ ਸੰਪ੍ਰਦਾ ਦੀ ਧਾਰਮਿਕ ਵਿਚਾਰਧਾਰਾ, ਰਹਿਤ-ਮਰਿਆਦਾ, ਸੱਭਿਆਚਾਰਕ ਵਿਲੱਖਣਤਾ, ਸਮਾਜਿਕ ਸਰੋਕਾਰਾਂ, ਸਿੱਖਿਆ, ਸਿਹਤ, ਖੇਡਾਂ ਅਤੇ ਬਸਤੀਵਾਦੀ ਸੱਤਾ ਵਿਰੁੱਧ ਇਸ ਦੀ ਸੰਘਰਸ਼ਮਈ ਵਿਰਾਸਤ ਦਾ ਗੰਭੀਰ ਅਧਿਐਨ ਕਰਨਾ ਹੈ।*

### *ਮੁੱਖ-ਸ਼ਬਦ (Keywords)*

*ਨਾਮਧਾਰੀ ਸਿਧਾਂਤ, ਸਮੂਹਿਕ ਵਿਆਹ, ਕੂਕਾ, ਮੁਕਤੀ ਦਾਤਾ, ਹੁਕਮਨਾਮੇ, ਸਵਦੇਸ਼ੀ, ਸ਼ਾਸਤਰੀ ਸੰਗੀਤ।*

ਸਿੱਖ ਪਰੰਪਰਾ ਵਿਚ ਨਾਮਧਾਰੀ ਸੰਪਰਦਾ ਦਾ ਅਹਿਮ ਸਥਾਨ ਹੈ। ਇਹ ਸੰਪਰਦਾ ਉਸ ਸਮੇਂ ਹੋਂਦ ਵਿਚ ਆਈ ਜਦੋਂ ਪੰਜਾਬ ਵਿੱਚ ਸਿੱਖ ਰਾਜ ਦਾ ਸੂਰਜ ਅਸਤ ਹੋ ਗਿਆ ਸੀ। ਇਸ ਸੰਪਰਦਾ ਦੇ ਬਾਨੀ ਸਤਿਗੁਰੂ ਰਾਮ ਸਿੰਘ ਦਾ ਮੰਨਣਾ ਸੀ ਕਿ ਪੰਜਾਬ ਦੀ ਗੁਲਾਮੀ ਦਾ ਕਾਰਨ ਸਿੱਖੀ ਕਿਰਦਾਰ 'ਚ ਆਈ ਗਿਰਾਵਟ ਹੈ। ਉਹ ਆਪ ਅੱਠ ਸਾਲ (1837-1845) ਲਾਹੌਰ ਦਰਬਾਰ ਵਿਚ ਸੈਨਿਕ ਰਹੇ। ਸਿੱਖ ਰਾਜ ਦੀ ਚੜ੍ਹਤ ਨੂੰ ਦੇਖਿਆ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖੀ ਅਸੂਲਾਂ ਦੀ ਅਧੋਗਤੀ ਵੀ ਵੇਖੀ। ਉਸ ਸਮੇਂ ਸਿਖਾਂ ਦੇ ਨੈਤਿਕ ਪਤਨ ਦੀ ਗੱਲ ਕਰਦਿਆਂ ਸਮਕਾਲੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਲਿਖਦੇ ਹਨ-

*ਕਸਮੈਂ ਖਾ ਕੈਹੋਂ ਗੁਰ ਦਸਮੇ ਕੀ ਸਿੱਖੀ ਗਾਇ*
*ਗਾਇ ਬਿਨ ਖਸਮੈਂ ਕਸਾਬੈਂ ਪਰੀ ਬੱਸ ਮੈਂ।।*[1]

ਗਿਆਨੀ ਜੀ ਆਪਣੀ ਲਿਖਤ ਵਿਚ ਸਿੱਖ ਸਮਾਜ ਅੰਦਰ ਆਈ ਗਿਰਾਵਟ ਅਤੇ ਸਿਖ ਸਰਦਾਰਾਂ ਵਲੋਂ ਮਚਾਈ ਪੰਜਾਬ ਅੰਦਰ ਹਨੇਰ ਗਰਦੀ ਤੇ ਹੁਲੜਬਾਜ਼ੀ ਨੂੰ ਬੜੇ ਵਿਸਥਾਰ ਨਾਲ ਵਰਨਣ ਕੀਤਾ ਹੈ ਕਿ ਕਿਸ ਤਰ੍ਹਾਂ ਸਿਖਾਂ ਨੇ ਸਿੱਖੀ ਅਸੂਲਾਂ ਰੂਪੀ ਗਊ ਰੂਪੀ ਗਊ ਨੂੰ ਕਸਾਈ ਬਣ ਖਾਦਾ ਹੈ। ਜਦੋਂ ਅੰਗਰੇਜ਼ ਨੇ ਪੰਜਾਬ 'ਤੇ ਪੂਰਨ ਤੌਰ ਤੇ ਕਬਜ਼ਾ ਕਰ ਲਿਆ ਤਾਂ ਪੰਜਾਬੀਆਂ ਅੰਦਰ ਖੁੱਸੇ ਰਾਜ ਦਾ ਹੇਰਵਾ ਵੀ ਸੀ ਤੇ ਸਿੱਖ ਸਰਦਾਰਾਂ ਵਲੋਂ ਕੀਤੀ ਖਾਨਾਜੰਗੀ ਕਾਰਨ ਨਿਰਾਸ਼ਤਾ ਵੀ। ਪੰਜਾਬੀ ਜਨ-ਜੀਵਨ ਵਿਚ ਇਸ ਧਾਰਮਿਕ ਅਤੇ ਰਾਜਨੀਤਕ ਉਥਲ-ਪੁਥਲ ਦੇ ਦੋ ਪ੍ਰਤੀਕਰਮ ਹੋਏ[ ਪਹਿਲਾ- ਧਾਰਮਿਕ ਰਹੁ ਰੀਤਾਂ ਦੀ ਬੇਮੁੱਖੀ ਕਾਰਨ ਜਿਥੇ ਨੈਤਿਕ ਜੀਵਨ ਪ੍ਰਭਾਵਿਤ

ਹੋਇਆ ਉਥੇ ਮਨਾਂ ਅੰਦਰ ਨਿਰਾਸ਼ਤਾ ਦਾ ਘੋਰ ਹਨ੍ਹੇਰਾ ਛਾ ਗਿਆ, ਦੂਜਾ ਖੁੱਸੇ ਰਾਜ ਦਾ ਹੇਰਵਾ ਅੰਗਰੇਜ਼ ਵਿਰੁੱਧ ਨਫ਼ਰਤ ਬਣ ਕੇ ਉਬਾਲੇ ਖਾਣ ਲੱਗਿਆ। ਸਤਿਗੁਰੂ ਰਾਮ ਸਿੰਘ ਨੇ ਦੋਵਾਂ ਹੀ ਪੱਖਾਂ ਨੂੰ ਘੋਖਦਿਆਂ ਹੋਇਆ ਉਹਨਾਂ ਨੇ ਧਾਰਮਿਕ ਪ੍ਰਚਾਰ ਰਾਹੀਂ ਸਿੱਖੀ ਦੇ ਮੂਲ ਸਿਧਾਂਤਾ ਨੂੰ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਅਤੇ ਦੂਜੇ ਪਾਸੇ ਅੰਗਰੇਜ਼ ਦੀ ਸੱਤਾ ਨੂੰ ਸੱਟ ਮਾਰਨ ਦਾ ਨਿਸਚਾ ਕੀਤਾ। ਉਹ ਜਾਣਦੇ ਸਨ ਕਿ ਧਰਮ ਦੀ ਸੁਰਜੀਤੀ ਦਾ ਸੁਨੇਹਾ ਵੱਡੀ ਗਿਣਤੀ ਵਿਚ ਲੋਕਾਂ ਨੂੰ ਉਹਨਾਂ ਨਾਲ ਜੋੜੇਗਾ ਅਤੇ ਲੋਕਾਂ ਦਾ ਧਾਰਮਿਕ ਸਿਦਕ ਅੰਗਰੇਜ਼ ਤੋਂ ਆਜ਼ਾਦੀ ਵਾਸਤੇ ਹਰ ਕੁਰਬਾਨੀ ਕਰਨ ਲਈ ਪ੍ਰੇਰਨਾ ਬਣੇਗਾ। ਆਈ. ਸੀ. ਐਸ ਕਪੂਰ ਸਿੰਘ ਲਿਖਦੇ ਹਨ-

> *"ਲੋਕਾਂ ਦੀ ਆਤਮਾ ਧਾਰਮਿਕ ਤੌਰ ਉੱਤੇ ਸੁਰਜੀਤ ਤੇ ਤਕੜੀ ਹੋਵੇ ਤੇ ਦੇਸ਼ ਤੇ ਜਨਤਾ ਬਦੇਸ਼ੀਆਂ ਦੇ ਰਾਜੇ ਰਾਣੀਆਂ ਦੀ ਪ੍ਰਾਧੀਨਤਾ ਤੋਂ ਸੁਤੰਤਰ ਹੋ ਕੇ, ਆਪਣਾ ਰਾਜ ਆਪ ਕਰਨ। ਇਤਨਾ ਵੱਡਾ ਮਹਾਨ ਕਾਰਜ ਆਪਣੇ ਸਾਹਮਣੇ ਰੱਖ ਕੇ ਬਾਬਾ ਰਾਮ ਸਿੰਘ ਨੇ ਆਪਣੇ ਉਪਦੇਸ਼ ਤੇ ਜੀਵਨ ਕਾਰਜ ਅਰੰਭੇ।"* [2]

ਸਤਿਗੁਰੂ ਰਾਮ ਸਿੰਘ ਜੀ ਦੇ 12 ਅਪ੍ਰੈਲ 1857 ਈ. ਵੈਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ (ਲੁਧਿ.) ਇਕ ਵੱਡਾ ਇਕੱਠ ਕਰਕੇ ਨਵੀਂ ਸੰਪਰਦਾ ਦੀ ਨੀਂਹ ਰੱਖੀ। ਸਿੱਖਾਂ ਨੂੰ ਅੰਮ੍ਰਿਤ ਛਕਾ ਮੁੜ ਖਾਲਸਾ ਮਰਿਆਦਾ ਨੂੰ ਸੁਰਜੀਤ ਕਰਨ ਲਈ ਅਹਿਦ ਕੀਤੇ ਗਏ।

> *"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁੱਤੇ ਹੋਏ ਪੰਜਾਬ ਨੂੰ ਨਾਮ ਦੀਆਂ ਮਿਠੀਆਂ ਲੋਰੀਆਂ ਨਾਲ ਸਾਵਧਾਨ ਕਰਕੇ ਇਕ ਨਵੇਂ ਆਤਮਕ ਜੰਗ ਵਾਸਤੇ ਤਿਆਰ ਕੀਤਾ।"* [3]

ਨਾਮਧਾਰੀ ਦਾ ਅਰਥ ਹੈ- ਨਾਮ ਨੂੰ ਧਾਰਨ ਕਰਨ ਵਾਲਾ। ਨਾਮ ਜੱਪਦੇ, ਸ਼ਬਦ ਪੜ੍ਹਦੇ ਨਾਮਧਾਰੀ ਸਿੱਖ ਜਦੋਂ ਵਜ਼ਦ ਵਿੱਚ ਆ ਜਾਂਦੇ ਤਾਂ ਉਂਚੀ-ਉਂਚੀ ਆਵਾਜ਼ਾਂ ਕੱਢਦੇ, ਕੂਕਾਂ ਮਾਰਦੇ ਸੀ, ਦੂਜਾ ਅੰਗਰੇਜ਼ ਸਰਕਾਰ ਖਿਲਾਫ਼ ਪਹਿਲੀ ਕੂਕ (ਅਵਾਜ਼) ਮਾਰਨ ਕਰਕੇ ਵੀ ਇਸ ਸੰਪਰਦਾ ਦਾ ਨਾਮ 'ਕੂਕਾ' ਪੈ ਗਿਆ।

> *ਸਹੀ ਨਾਮ ਨਾਮਧਾਰੀ ਆਹਿ ਤਿਨ ਦੇ ਉਦਾਰੀ,*
> *ਕੂਕ ਮਾਰਨੇ ਤੇ ਕੂਕਾ ਜਗਤ ਬਖਾਨ ਹੈ।* [4]

**ਨਾਮਧਾਰੀ ਸਿਧਾਂਤ**

ਨਾਮਧਾਰੀ ਸੰਪਰਦਾ 'ਚ ਪ੍ਰਵੇਸ਼ ਕਰਨ ਵਾਲੇ ਵਿਅਕਤੀਆਂ ਲਈ ਕੁਝ ਵਿਸ਼ੇਸ਼ ਨਿਯਮ ਨਿਰਧਾਰਤ ਕੀਤੇ ਗਏ ਹਨ। ਇਨ੍ਹਾਂ ਨੂੰ ਆਪਣੇ ਜੀਵਨ ਜਾਚ ਦਾ ਅਹਿਮ ਅੰਗ ਬਣਾਇਆ ਜਾਂਦਾ ਹੈ। ਇਹ ਨਿਯਮ ਹਰ ਨਾਮਧਾਰੀ ਲਈ ਮੰਨਣੇ ਜ਼ਰੂਰੀ ਸਨ।

ਨਾਮਧਾਰੀ ਸਿੱਖ ਅਕਾਲ ਪੁਰਖ ਵਿਚ ਅਟੁੱਟ ਵਿਸ਼ਵਾਸ ਰੱਖਦੇ ਹਨ ਅਤੇ 'ਵਾਹਿਗੁਰੂ' ਨਾਮ ਦਾ ਜਾਪ ਕਰਦੇ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਘੱਟੋ-ਘੱਟ ਇਕ ਘੰਟਾਂ ਰੋਜ਼ਾਨਾ ਨਾਮ-ਸਿਮਰਨ ਕਰਨਾ ਮਨੁੱਖੀ ਜੀਵਨ ਦੀ ਆਤਮਿਕ ਉੱਨਤੀ ਲਈ ਅਤਿਅੰਤ ਮਹੱਤਵਪੂਰਨ ਹੈ। ਉਹਨਾਂ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਵਾਸਤੇ ਸਤਿਗੁਰੂ ਜੀ ਸ਼ਰਨ ਗ੍ਰਹਿਣ ਕਰਨੀ ਅਤੇ ਉਸ ਦੇ ਹੁਕਮ ਨੂੰ ਜੀਵਨ ਵਿਚ ਧਾਰਨ ਕਰਨਾ ਜ਼ਰੂਰੀ ਹੈ ਇਸ ਲਈ ਉਹ ਦੇਹਧਾਰੀ ਗੁਰੂ ਦੀ ਹੋਂਦ ਦੇ ਮੁੱਦਈ ਹਨ। ਪਰਮਾਰਥ ਦੀ ਪ੍ਰਾਪਤੀ ਵਾਸਤੇ ਸਤਿਗੁਰੂ ਦੀ ਸ਼ਰਨ ਵਿਚ ਜਾਣਾ ਜ਼ਰੂਰੀ ਸਮਝਦੇ ਹਨ। ਨਾਮਧਾਰੀ ਮੁਖੀ, ਨਾਮਧਾਰੀਆਂ ਦੇ ਜੀਵਨ ਦੇ ਹਰ ਪੱਖ ਵਿੱਚ ਅਤੇ ਹਰ ਮੋੜ ਤੇ ਅਗਵਾਈ ਕਰਦੇ ਹਨ।

ਨਾਮਧਾਰੀ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦਸਮ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਆਪਣੇ ਧਾਰਮਿਕ ਅਤੇ ਪਰਮਾਣਿਕ ਗਰੰਥ ਮੰਨਦੇ ਹਨ। ਮਾਸ, ਮਛਲੀ, ਅੰਡੇ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੀਆਂ ਚੀਜ਼ਾਂ ਦੇ ਸਖ਼ਤ ਖਿਲਾਫ਼ ਹਨ ਅਤੇ ਇਨ੍ਹਾਂ ਦੇ ਵਿਰੁੱਧ ਪ੍ਰਚਾਰ ਕਰਦੇ ਹਨ। ਨਾਮਧਾਰੀ ਹੁਣ ਵੀ ਸਨਾਤਨੀ ਰੀਤੀ ਅਨੁਸਾਰ ਹਵਨ-ਯੱਗ ਕਰਦੇ ਤੇ ਕਰਾਉਂਦੇ ਹਨ। ਹਵਨ ਦੌਰਾਨ ਗੁਰਬਾਣੀ ਦਾ ਪਾਠ ਹੁੰਦਾ ਹੈ ।

**ਦੈਨਿਕ ਜੀਵਨ - ਵਿਧਾਨ**

*-ਸਵਾ ਪਹਿਰ ਸੂਰਜ ਚੜ੍ਹਣ ਤੋਂ ਪਹਿਲਾਂ ਉਠਣਾ।*
*-ਰੋਜ਼ਾਨਾ ਸਣ-ਕੇਸੀ ਇਸ਼ਨਾਨ ਕਰਨਾ।*
*-ਨਾਮ ਜਪਣਾ, ਗੁਰਬਾਣੀ ਪੜ੍ਹਣੀ।*

**ਸਦਾਚਾਰਕ ਨਿਯਮ**

*- ਝੂਠ ਨਹੀਂ ਬੋਲਣਾ।*
*- ਚੋਰੀ ਨਹੀਂ ਕਰਨਾ।*
*- ਪਰਾਇਆਂ ਹੱਕ ਨਹੀਂ ਖਾਣਾ।*
*- ਵਿਭਚਾਰ ਨਹੀਂ ਕਰਨਾ।*
*- ਮਾਸ- ਸ਼ਰਾਬ ਦਾ ਸੇਵਨ ਨਹੀਂ ਕਰਨਾ।*

**ਭਾਈਚਾਰਕ**

*- ਸਫ਼ੈਦ ਬਸਤਰ ਪਹਿਨਣੇ।*
*- ਸਭ ਪਾਸਿਆਂ ਤੋਂ ਆਤਮ ਨਿਰਭਰ ਹੋਣਾ।*
*- ਜੰਮਣਾ, ਮਰਨਾ, ਵਿਆਹ ਸ਼ਾਦੀਆਂ ਨੂੰ ਸਾਦਾ ਅਤੇ ਸਮਾਜਿਕ ਅਡੰਬਰਾਂ ਰਹਿਤ ਕਰਨਾ।*
*- ਗਊ ਗਰੀਬ ਦੀ ਰੱਖਿਆ ਕਰਨੀ।*
*- ਹਰ ਦੇਸ਼ ਵਾਸੀ ਨੂੰ ਆਪਣਾ ਵੀਰ ਭੈਣ ਜਾਨਣਾ।*

ਨਾਮਧਾਰੀ ਸੰਪਰਦਾਇ ਨੇ ਪੰਜਾਬੀ ਸਮਾਜ ਵਿਚ ਉਪ ਸਭਿਆਚਾਰ ਦੀ ਸਥਾਪਨਾ ਕੀਤੀ। ਜੰਮਣ, ਵਿਆਹ ਅਤੇ ਮਰਨ ਸਮੇਂ ਕੀਤੇ ਜਾਂਦੇ ਸੰਸਕਾਰ ਕਿਸੇ ਵੀ ਸਮਾਜ ਦਾ ਵਿਲੱਖਣ ਰੂਪ ਪੇਸ਼ ਕਰਦੇ ਹਨ। ਇਸ ਸੰਪਰਦਾ ਵਿਚ ਸਾਰੇ ਹੀ ਸਮਾਜਿਕ ਰੀਤੀ ਰਿਵਾਜਾਂ ਨੂੰ ਪੂਰਨ ਗੁਰ-ਮਰਿਆਦਾ ਅਤੇ ਸਾਦੇ ਢੰਗ ਨਾਲ ਮਨਾਇਆ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਦੇ ਪ੍ਰਾਪਤ ਹੁਕਨਾਮਿਆਂ ਵਿਚ ਸਮਾਜਿਕ ਸੰਸਕਾਰਾਂ ਅਤੇ ਨੈਤਿਕ ਵਿਹਾਰ ਬਾਰੇ ਬਹੁਤ ਵਿਸਥਾਰ ਨਾਲ ਵੇਰਵੇ ਅਤੇ ਉਹਨਾ ਨੂੰ ਮੰਨਣ ਦੀਆਂ ਸਖਤ ਹਦਾਇਤਾਂ ਹਨ।

*-ਜੋ ਕੁੜੀ ਮਾਰੇ, ਬੇਚੇ ਜਾ ਬਟਾ ਕਰੇ ਅਰ ਜੇਕਰ ਅਛੀ ਤਰਾ ਮਲੂਮੀ ਹੋਏ ਜਾਵੇ ਤਾ ਓਸਦੇ ਨਾਲ ਨਹੀ ਬਰਤਣਾ, ਨਾ ਓਸ ਨੂੰ ਸੰਗਤ ਮੈਂ ਬੜਨਦੇਣਾ।*

*-ਅਰ ਲੜਕੇ ਲੜਕੀਆਂ ਨੂ ਅਖਰ ਪੜ੍ਹਾਵਣੇ ਪਹਿਲਾ ਹੋਸ਼ ਔਦੀ ਦੇ ਨਾਲ।*

ਨਾਮਧਾਰੀ ਸਮਾਜ ਵਿੱਚ ਜਨਮ ਤੋਂ ਬਾਅਦ ਬੱਚੇ ਨੂੰ ਪਹਿਲੇ ਸੰਸਕਾਰ ਸਮੇਂ ਅੰਮ੍ਰਿਤ ਛਕਾਇਆ ਜਾਂਦਾ ਹੈ। ਇਸ ਰੀਤੀ ਕਾਰਨ ਬੱਚਾ ਜਨਮ ਤੋਂ ਹੀ ਨਾਮਧਾਰੀ ਸਮਾਜ ਦਾ ਅੰਗ ਬਣ ਜਾਂਦਾ ਹੈ। ਵਿਆਹ ਸੰਸਕਾਰ ਕਿਸੇ ਵੀ ਸਮਾਜ 'ਚ ਬਹੁਤ ਮਹੱਤਪੂਰਨ ਹੁੰਦਾ ਹੈ। ਨਾਮਧਾਰੀ ਸੰਸਥਾ ਦਾ ਇੱਕ ਹੋਰ ਪੱਖ ਵੀ ਹੈ ਸਤਿਗੁਰੂ ਰਾਮ ਸਿੰਘ ਨੇ 1863 ਈ. ਵਿਚ ਖੋਟੇ ਪਿੰਡ ਪਹਿਲੇ ਅੰਤਰਜਾਮੀ ਅਨੰਦ ਕਾਰਜ ਕਰਾ ਨਵੀਂ ਰੀਤ ਤੋਰੀ ਸੀ ਜਿਸ ਤਹਿਤ ਵਿਆਹ ਸ਼ਾਦੀਆਂ ਸਮੇਂ ਵਾਧੂ ਰੀਤੀ ਰਿਵਾਜਾ ਅਤੇ ਪੈਸੇ ਦੇ ਉਜਾੜੇ ਤੋਂ ਨਾਮਧਾਰੀਆਂ ਨੂੰ ਮੁਕਤ ਕਰ ਦਿੱਤਾ ਸੀ। ਅੱਜ ਵੀ ਵੇਖਣ ਵਿੱਚ ਆਉਂਦਾ ਹੈ ਨਾਮਧਾਰੀ ਸਮਾਜ ਵਿਚ ਸਮੂਹਿਕ ਸ਼ਾਦੀਆਂ ਹੁੰਦੀਆਂ ਹਨ। ਮੁੱਖੀ ਨਾਮਧਾਰੀ ਦੀ ਹਜ਼ੂਰੀ ਵਿਚ ਅਨੇਕ ਜੋੜੇ ਇਕ ਸਮੇਂ ਪਰਿਕਰਮਾ ਕਰਦੇ ਹਨ। ਵਿਆਹ ਵਾਲੇ ਜੋੜੇ ਦਾ ਲਿਬਾਸ ਸਾਦਾ ਹੁੰਦਾ ਹੈ ਤੇ ਸਾਰਾ ਵਿਆਹ ਬਰਾਤ, ਮਿਲਣੀਆਂ, ਪਾਰਟੀਆਂ ਆਦਿ ਖਰਚੀਲੀਆਂ ਰਸਮਾਂ ਤੋਂ ਬਿਲਕੁੱਲ ਮੁਕਤ। ਨਾ ਧੀ ਵਾਲੇ ਨੂੰ ਫ਼ਿਕਰ ਨਾ ਪੁੱਤਰ ਵਾਲੇ ਨੂੰ ਚਿੰਤਾ। ਵਿਆਹ ਰਸਮ ਸਵੇਰੇ ਸੂਰਜ ਚੜ੍ਹਨ ਸਮੇਂ ਸੰਪੂਰਨ ਹੋ ਜਾਂਦੀ ਹੈ ਦੋਵੇਂ ਪਰਿਵਾਰ ਲੰਗਰ ਤੋਂ ਪ੍ਰਸ਼ਾਦਾ ਛੱਕ ਘਰ ਚਲੇ ਜਾਂਦੇ ਹਨ।

ਨਾਮਧਾਰੀ ਸਮਾਜ ਬਾਲ ਵਿਆਹ ਨਹੀਂ ਕਰਦਾ, ਇਹ ਇਨਕਲਾਬੀ ਕਦਮ ਸਤਿਗੁਰੂ ਰਾਮ ਸਿੰਘ ਨੇ ਆਪਣੇ ਸਮੇਂ ਪੁੱਟਿਆ ਉਹਨਾਂ ਆਪਣੇ ਇੱਕ ਹੁਕਮਨਾਮੇ ਵਿਚ ਇਹ ਹਦਾਇਤ ਕੀਤੀ *"ਅਠਾਰਾਂ ਬਰਸਾਂ ਦੀ ਲੜਕੀ, ਬੀਸ ਬਰਸ ਕਾ ਲੜਕਾ ਹੋਵੇ ਤਾਂ ਬਿਆਹ ਕਰਨਾ, ਉਰੇ ਨਹੀਂ ਕਰਨਾ।"*

ਨਾਮਧਾਰੀ ਸਮਾਜ ਬਾਰੇ ਜੂਨ 1863 ਦੀ ਇਕ ਅੰਗਰੇਜ਼ੀ ਸਰਕਾਰ ਦੀ ਰਿਪੋਰਟ ਹੈ-

> *"Abolishes all distinctions of caste among Sikhs; advocates indiscriminate intermarriage of all classes; enjoins the marriage of widows, all of which he performs himself; he never takes alms himself, and prohibits his followers from doing so; enjoins abstinence from liquor and drugs, advocates much too free inter-course between the sexes; men and women rave together at his meetings, and thousands of women and young girls have joined his sect; he exhorts his disciples to be cleanly and truth telling. One of his maxims says, "It is well that every onecarry his staff;and they all do"* [5]

ਪੰਜਾਬੀ ਭਾਈਚਾਰੇ ਦਾ ਕਿਸਾਨੀ ਸਮਾਜ ਗਰੀਬੀ ਅਤੇ ਕਰਜ਼ੇ ਦਾ ਸ਼ਿਕਾਰ ਹੋ ਚੁੱਕਾ ਸੀ। ਅਨੇਕਾਂ ਪ੍ਰਕਾਰ ਦੀਆਂ ਰਹੁ-ਰੀਤਾਂ ਨੂੰ ਅਪਣਾ ਕੇ ਵਿਆਹ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਸੀ। ਸ਼ਾਇਦ ਇਸੇ ਕਰਕੇ ਹੀ ਪਰਿਵਾਰ ਦੇ ਕੁਝ ਮਰਦ ਅਣਵਿਆਹੇ ਰਹਿ ਜਾਂਦੇ ਸਨ ਜਿਹੜੇ ਕਿ ਸਮਾਜਿਕ ਕੁਰੀਤੀਆਂ ਦਾ ਕਾਰਨ ਬਣਦੇ ਸਨ। ਨਾਮਧਾਰੀ ਵਿਚਾਰਧਾਰਾ ਨੇ ਇਸ ਪਿਰਤ ਦੀ ਜ਼ੋਰਦਾਰ ਮੁਖ਼ਾਲਫਤ ਕੀਤੀ। ਇਨ੍ਹਾਂ ਭੈੜੀਆਂ ਕੁਰੀਤੀਆਂ ਦਾ ਸਭ ਤੋਂ ਵੱਡਾ ਸ਼ਿਕਾਰ ਉਸ ਸਮੇਂ ਦੀ ਔਰਤ ਸੀ। ਉਹ ਨਾ ਕੇਵਲ ਹੀਣਭਾਵਨਾ ਦਾ ਹੀ ਸ਼ਿਕਾਰ ਸੀ ਸਗੋਂ ਉਸ ਦੀ ਉਮਰ ਦਾ ਬਹੁਤ ਵੱਡਾ ਹਿੱਸਾ ਗ਼ੁਲਾਮੀ-ਦਰ-ਗ਼ੁਲਾਮੀ ਵਾਲਾ ਸੀ। ਸਤਿਗੁਰੂ ਰਾਮ ਸਿੰਘ ਇਨ੍ਹਾਂ ਲਾਚਾਰ ਔਰਤਾਂ ਲਈ 'ਮੁਕਤੀ ਦਾਤਾ' ਸਨ। ਇਸ 'ਮੁਕਤੀ ਦਾਤਾ' ਨੇ ਅੰਤਰਜਾਤੀ ਵਿਆਹ ਰਚਾਉਣ ਦੀ ਪਰੰਪਰਾ ਸ਼ੁਰੂ ਕਰਕੇ ਇੱਕ ਹੋਰ ਇਨਕਲਾਬੀ ਕਦਮ ਚੁੱਕਿਆ। ਉਸ ਸਮੇਂ ਤੇ ਇਸ ਸਮੇਂ ਦੇ ਸਮਾਜ ਵਿਚ ਇਹ ਇੱਕ ਅਨੌਖੀ ਅਤੇ ਅਚੰਭੇ ਵਾਲੀ ਪਿਰਤ ਸੀ ਤੇ ਹੈ। ਇਸ ਪੱਖੋਂ ਪੰਜਾਬ ਦਾ ਕੋਈ ਵੀ ਭਾਈਚਾਰਾ (ਸ਼ਾਇਦ ਭਾਰਤ ਦਾ ਵੀ) ਅੰਤਰਜਾਤੀ ਵਿਆਹ ਕਰ ਸਮਾਜ ਦਾ ਮਾਣ ਪ੍ਰਾਪਤ ਨਹੀਂ ਕਰ ਰਿਹਾ। ਸਿੱਖ ਧਰਮ ਅਨੁਸਾਰ ਵਿਆਹ ਕੇਵਲ ਸਮਾਜਕ ਬੰਧਨ ਨਹੀਂ ਹੈ ਅਤੇ ਨਾ ਹੀ ਕਾਮ-ਵਾਸ਼ਨਾ ਦੀ ਪੂਰਤੀ ਦਾ ਸਾਧਨ ਹੈ। ਇਹ ਤਾਂ ਮਰਦ-ਇਸਤਰੀ ਦੇ ਆਤਮਿਕ ਸੁਮੇਲ ਦੀ ਕਹਾਣੀ ਹੈ। ਜ਼ਾਤਪਾਤ ਅਤੇ ਗੋਤ ਦੇ ਆਧਾਰ 'ਤੇ ਵਿਆਹ ਇਸ ਆਤਮਿਕ ਸੁਮੇਲ ਦਾ ਵਿਰੋਧ ਹੈ। ਨਾਮਧਾਰੀ ਸੰਪਰਦਾ ਵਿੱਚ ਅੱਜ ਦੀ ਵੱਡੀ ਗਿਣਤੀ ਵਿੱਚ ਅੰਤਰ ਜਾਤੀ ਵਿਆਹ ਹੁੰਦੇ ਹਨ। ਸ. ਕਪੂਰ ਸਿੰਘ ਕਹਿੰਦੇ ਹਨ-

> *"ਜੇ ਉਹਨਾਂ (ਸਤਿਗੁਰੂ ਰਾਮ ਸਿੰਘ) ਦੇ ਦੇਸ਼ ਤੇ ਜਾਤੀ ਲਈ ਹੋਰ ਮਹਾਨ ਕੰਮ ਕੀਤੇ ਹਨ,ਉਹ ਛੱਡ ਭੀ ਦਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰਿਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜਾ ਕਰ ਦੇਂਦਾ ਹੈ।"* [6]

**ਸਵਦੇਸ਼ੀ ਦਾ ਪ੍ਰਚਾਰ**

ਈਸਟ ਇੰਡੀਆਂ ਕੰਪਨੀ ਰਾਹੀਂ ਅੰਗਰੇਜ਼ ਭਾਰਤੀਆਂ ਦੀ ਲੁੱਟ ਕਰ ਰਹੇ ਸੀ। ਇਸ ਸ਼ੋਸ਼ਣ ਦੀ ਸ਼ੁਰੂਆਤ ਭਾਰਤੀ ਕੱਚੇ ਮਾਲ ਦੀ ਖਰੀਦ ਨਾਲ ਸ਼ੁਰੂ ਹੁੰਦੀ ਸੀ। ਭਾਰਤੀ ਸਸਤਾ ਕੱਚਾ ਮਾਲ ਇੰਗਲੈਂਡ ਦੀਆਂ ਫੈਕਟਰੀਆਂ ਵਿੱਚੋਂ ਜਦੋਂ ਨਿਕਲਦਾ ਤਾਂ ਉਸ ਦੀ ਕੀਮਤ ਤਿੱਗਣੀ-ਚੌਗਣੀ ਹੁੰਦੀ। ਉਹ ਮਾਲ ਭਾਰਤ ਦੀਆਂ ਮੰਡੀਆਂ ਵਿੱਚ ਮਹਿੰਗੇ ਭਾਅ ਵੇਚਿਆ ਜਾਂਦਾ। ਸਤਿਗੁਰੂ ਰਾਮ ਸਿੰਘ ਅੰਗਰੇਜ਼ ਦੀ ਇਸ ਲੋਟੂ ਨੀਤੀ ਨੂੰ ਫੌਜ਼ੀ ਜੀਵਨ ਤੋਂ ਹੀ ਜਾਣਦੇ ਸਨ। ਉਹਨਾਂ ਨੇ ਜਦੋਂ ਭੈਣੀ ਸਾਹਿਬ ਸੰਤ ਖਾਲਸੇ ਦੀ ਸਥਾਪਨਾ ਕੀਤੀ ਤਾਂ ਸਿੱਖਾਂ ਨੂੰ ਪੱਛਮੀ ਪ੍ਰਭਾਵ ਤੋਂ ਬਚਾਉਣਾ ਲਈ ਇਹ ਨਿਯਮ ਵੀ ਲਾਗੂ ਕੀਤੇ:-

> *- ਅੰਗਰੇਜ਼ੀ ਸਰਕਾਰ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਨਾ ਰੱਖਣੀ, ਵਿਦੇਸੀ ਵਸਤੂਆਂ ਦਾ ਪੂਰਨ ਬਾਈਕਾਟ।*
>
> *- ਆਪਣੇ ਆਰਥਿਕ ਪੱਧਰ ਨੂੰ ਕਾਇਮ ਰੱਖਣ ਲਈ ਦੇਸੀ ਵਸਤੂਆਂ ਦੀ ਵਰਤੋਂ ਕਰਨੀ। ਪਵਿੱਤਰ ਤੇ ਸਾਦਾ ਜੀਵਨ ਬਤੀਤ ਕਰਨਾ। ਘਰ ਦੇ ਬਣੇ ਖੱਦਰ ਅਤੇ ਉੱਨ ਦੇ ਕੱਪੜੇ ਹੀ ਵਰਤਣੇ।*
>
> *- ਸਰਕਾਰੀ ਅਦਾਲਤਾਂ ਦਾ ਬਾਈਕਾਟ ਕੀਤਾ ਜਾਵੇ, ਆਪਣੇ ਫੈਸਲੇ ਪੰਚਾਇਤਾਂ ਵਿੱਚ ਨਿਬੇੜੇ ਜਾਣ।*

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਅਨੁਸਾਰ,

*[Guru] Ram Singh, Sikh Philosopher and reformer and first Indian to use non co-operation and boycott of the British*

*merchandise and services as a Political weapon."*[7]

ਨਾਮਧਾਰੀ ਸਮਾਜ ਨੇ ਆਪਣਾ ਹੀ ਡਾਕ ਪ੍ਰਬੰਧ ਚਲਾਇਆ ਅਤੇ ਆਪਣੇ ਹੀ ਸਕੂਲ ਖੋਲ੍ਹੇ ਜਿੰਨ੍ਹਾਂ ਵਿੱਚ ਭਾਰਤੀ ਸੰਸਕ੍ਰਿਤੀ ਅਨੁਸਾਰ ਵਿੱਦਿਆ ਦਿੱਤੀ ਜਾਂਦੀ ਸੀ। ਲੱਗਦੀ ਵਾਹ ਸਰਕਾਰੀ ਆਵਾਜਾਈ ਦੇ ਵਸੀਲਿਆ ਦੀ ਵੀ ਵਰਤੋਂ ਨਾ ਕੀਤੀ ਜਾਵੇ। ਸਵਾਰੀ ਲਈ ਗੱਡੇ, ਘੋੜੇ ਅਤੇ ਊਠ ਆਦਿ ਵਰਤੋਂ ਵਿੱਚ ਲਿਆਂਦੇ ਜਾਣ। ਸਵਦੇਸੀ ਲਹਿਰ ਦਾ ਪ੍ਰਚਾਰ ਨਾਮਧਾਰੀਆਂ ਨੇ ਪੰਜਾਬ ਅੰਦਰ ਪੂਰੇ ਜ਼ੋਰ ਨਾਲ ਕੀਤਾ, ਇਸ ਕਰਕੇ ਹੀ ਪੰਜਾਬੀ ਲੋਕ ਕਾਵਿ ਵਿੱਚ ਨਾਮਧਾਰੀਆਂ ਵੱਲੋਂ ਚਲਾਈ ਸਵਦੇਸੀ ਲਹਿਰ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ। ਜਿਵੇਂ-

*ਅਤਲਸਾਂ ਪਾੜ ਦਿੱਤੀਆਂ, ਨਹੀਂ ਖੱਦਰ ਬਿਨਾਂ ਹੱਥ ਲਾਉਣਾ।*

ਨਾਮਧਾਰੀ ਸਮਾਜ ਅੱਜ ਵੀ ਪੱਛਮੀ ਪਹਿਰਾਵੇ ਦੀ ਵਰਤੋਂ ਨਹੀਂ ਕਰਦਾ ਮੂਲ ਭਾਰਤੀ ਕੁੜਤਾ-ਪਜਾਮਾ ਹੀ ਪਹਿਣਦੇ ਹਨ।

**ਨਾਮਧਾਰੀ ਸੰਪਰਦਾ ਦਾ ਵਿਕਾਸ**

ਨਾਮਧਾਰੀ (ਕੂਕਾ) ਸੰਪਰਦਾ ਦਾ ਵਿਕਾਸ 19ਵੀਂ ਸਦੀ ਦੇ ਅੱਧ ਵਿੱਚ ਸਿੱਖ ਧਰਮ ਵਿੱਚ ਆਈਆਂ ਕੁਰੀਤੀਆਂ ਨੂੰ ਦੂਰ ਕਰਕੇ ਗੁਰਮਤਿ ਰਹਿਣੀ-ਬਹਿਣੀ ਦੀ ਪੁਨਰ-ਸੁਰਜੀਤੀ ਅਤੇ ਸਮਾਜਿਕ ਸੁਧਾਰਾਂ ਦੇ ਰੂਪ ਵਿੱਚ ਹੋਇਆ। ਸਤਿਗੁਰੂ ਬਾਲਕ ਸਿੰਘ ਜੀ ਦੀ ਪ੍ਰੇਰਨਾ ਨਾਲ ਸ਼ੁਰੂ ਹੋਈ ਇਸ ਲਹਿਰ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਇੱਕ ਮਜ਼ਬੂਤ ਜਥੇਬੰਦਕ ਰੂਪ ਦਿੱਤਾ, ਜਿਸ ਨੇ ਅਧਿਆਤਮਕ ਜਾਗ੍ਰਿਤੀ ਦੇ ਨਾਲ-ਨਾਲ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਨਾਮਿਲਵਰਤਨ ਅੰਦੋਲਨ ਦੀ ਮੁੱਢਲੀ ਨੀਂਹ ਰੱਖ ਕੇ ਸੰਪਰਦਾ ਦੇ ਘੇਰੇ ਨੂੰ ਹੋਰ ਵਿਸ਼ਾਲ ਕੀਤਾ। ਇਸ ਵਿਕਾਸ ਲੜੀ ਦੇ ਤਹਿਤ:

*"ਉਨ੍ਹਾਂ (ਗੁਰੂ ਰਾਮ ਸਿੰਘ) ਨੇ ਹਰ ਜ਼ਿਲ੍ਹੇ ਵਿਚ ਇਕ ਸੂਬਾ ਨੀਅਤ ਕੀਤਾ ਹਰ ਤਹਿਸੀਲ ਵਿਚ ਦੋ ਜਥੇਦਾਰ ਅਤੇ ਹਰੇਕ ਪਿੰਡ ਵਿਚ ਇਕ ਗ੍ਰੰਥੀ ਮੁਕੱਰਰ ਕੀਤਾ। ਬੱਚੇ-ਬੱਚੀਆਂ ਦੀ ਮੁੱਢਲੀ ਵਿੱਦਿਆ ਲਈ ਕੌਮੀਂ ਆਸ਼ਰਮ ਖੋਲ੍ਹੇ ਅਤੇ ਥਾਂ-ਥਾਂ ਲੰਗਰ ਜਾਰੀ ਕੀਤੇ। ਆਪਣੇ ਸਿੱਖਾਂ ਨੂੰ ਸਾਦਾ ਜੀਵਨ ਬਤੀਤ ਕਰਨ ਅਤੇ ਚੱਲ ਰਹੇ ਆਸ਼ਰਮਾਂ ਦੀ ਤਨ-ਮਨ-ਧਨ ਨਾਲ ਸਹਾਇਤਾ ਕਰਨ ਦੀ ਹਦਾਇਤ ਕੀਤੀ। ਆਪਣੇ ਸਿੱਖਾਂ ਨੂੰ ਪੱਛਮੀ ਪ੍ਰਭਾਵ ਤੋਂ ਬਚਾਉਣ ਲਈ ਸਰਕਾਰੀ ਸਕੂਲਾਂ, ਸਰਕਾਰੀ ਨੌਕਰੀਆਂ ਤੇ ਕਚਹਿਰੀਆਂ ਵਿਚ ਜਾਣ ਤੋਂ ਰੋਕਿਆ। ਪੁਜਾਰੀ ਇਨ੍ਹਾਂ ਦੀਆਂ ਨਵੀਆਂ ਰੀਤਾਂ ਤੇ ਬਹੁਤ ਚਿੜ ਗਏ ਤੇ ਉਨ੍ਹਾਂ ਨੇ ਨਾਮਧਾਰੀਆਂ ਲਈ ਗੁਰਦੁਆਰੇ ਬੰਦ ਕਰ ਦਿੱਤੇ। ਸਰਕਾਰ ਨੇ ਆਪਦੀਆਂ ਸਰਗਰਮੀਆਂ ਨੂੰ ਰੋਕਣ ਲਈ ਪਾਬੰਦੀਆਂ ਲਾ ਦਿੱਤੀਆਂ।"* [8]

ਗੁਰੂ ਰਾਮ ਸਿੰਘ ਅਤੇ ਉਸ ਦੇ ਪ੍ਰਮੁੱਖ 10 ਸੂਬਿਆਂ ਨੂੰ ਬਗਾਵਤ ਲਈ 1818 ਦੇ ਰੈਗੂਲੇਸ਼ਨੀ ਅਧੀਨ ਜੀਵਨ ਭਰ ਹਿਰਾਸਤ 'ਚ ਰਖਿਆ ਜਾਣਾ ਸੀ। ਸਮੇਤ ਗੁਰੂ ਰਾਮ ਸਿੰਘ ਸਭ ਨੂੰ ਜਲਾਵਤਨ ਕਰ ਦਿੱਤਾ ਗਿਆ। ਇਸ ਲਈ ਨਾਮਧਾਰੀ ਪੰਥ ਦੀ ਅਗਲੀ ਵਾਗਡੋਰ ਗੁਰੂ ਰਾਮ ਸਿੰਘ ਨੇ ਆਪਣੇ ਛੋਟੇ ਭਰਾ ਗੁਰੂ ਹਰੀ ਸਿੰਘ ਨੂੰ ਸਉਂਪੀ। ਨਾਮਧਾਰੀ ਕੇਂਦਰ ਭੈਣੀ ਸਾਹਿਬ ਪੁਲਿਸ ਚੌਂਕੀ ਬੈਠ ਗਈ ਜੋ ਪੰਜਾਹ ਸਾਲ 1872 ਤੋਂ 1923 ਈ. ਤੱਕ ਬੈਠੀ ਰਹੀ। ਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਮਿਸ਼ਨ ਨੂੰ ਸੰਭਾਲ ਕੇ ਰੱਖਿਆ। ਉਹਨਾਂ ਦੇ ਪੁੱਤਰ ਗੁਰੂ ਪ੍ਰਤਾਪ ਸਿੰਘ 1906 ਈ. ਨੂੰ ਅਗਲੇ ਵਾਰਸ ਬਣੇ। ਇਸ ਸਮੇਂ ਦੌਰਾਨ ਹੀ ਨਾਮਧਾਰੀਆਂ ਤੋਂ ਸਰਕਾਰੀ ਪਬੰਦੀਆਂ ਕੁਝ ਘੱਟ ਹੋਈਆਂ। ਨਾਮਧਾਰੀਆਂ ਨੇ ਨਵੇਂ ਕੇਂਦਰ ਸਥਾਪਤ ਕੀਤੇ ਅਤੇ ਪ੍ਰਚਾਰ ਪ੍ਰਸਾਰ ਨੂੰ ਵਧਾਇਆ। ਕੌਮੀ ਅੰਦੋਲਨ ਨੂੰ ਹਰ ਤਰਾਂ ਸਹਿਯੋਗ ਦਿੱਤਾ। ਗੁਰੂ ਪ੍ਰਤਾਪ ਸਿੰਘ ਤੋਂ ਬਾਅਦ (1959) ਅਗਲੇ ਗੱਦੀ ਨਸ਼ੀਨ ਸਤਿਗੁਰੂ ਜਗਜੀਤ ਸਿੰਘ ਇਸ ਪ੍ਰੰਪਰਾਂ ਦੇ ਮੁਖੀ ਬਣੇ। ਦੇਸ਼ ਆਜ਼ਾਦੀ ਤੋਂ ਬਾਅਦ ਨਾਮਧਾਰੀ ਫਿਰਕੇ ਦਾ ਨਵਾਂ ਕੇਂਦਰ ਜੀਵਨ ਨਗਰ (ਸਿਰਸਾ) ਬਣਿਆ। ਇਸ ਸਮੇਂ ਨਾਮਧਾਰੀ ਸੰਪਰਦਾਂ ਨੇ ਹਰ ਪੱਖੋ ਵਿਕਾਸ ਕੀਤਾ। ਨਵੇਂ ਸਿੱਖਿਆ ਕੇਂਦਰ, ਧਰਮਸ਼ਾਲਾਵਾਂ ਸਥਾਪਿਤ ਹੋਈਆਂ। ਗੁਰਮਤਿ ਸੰਗੀਤ, ਖੇਡਾਂ, ਵਿਗਆਨਿਕ ਖੇਤੀ, ਇਤਿਹਾਸ ਅਤੇ ਸਾਹਿਤ ਵਿਚ ਨਵੇਂ ਮਿਆਰ ਸਥਾਪਿਤ ਕੀਤੇ। ਨਾਮਧਾਰੀ ਨੌਜਵਾਨਾਂ ਲਈ ਵਿਦਿਅਕ ਸੰਮੇਲਨ ਵਰਗੇ ਪ੍ਰੋਗਰਾਮ ਆਰੰਭ ਹੋਏ ਜਿਸ ਵਿਚ ਨੌਜਵਾਨਾਂ ਲਈ ਅਧਿਆਤਮਕ ਅਤੇ ਸਰੀਰਕ ਵਿਕਾਸ ਲਈ ਵੱਖ-ਵੱਖ ਮੁਕਾਬਲੇ ਉਲੀਕੇ ਗਏ। ਇਹ ਪ੍ਰੋਗਰਾਮ ਅੱਜ ਤੱਕ ਨਿਰੰਤਰ ਚੱਲ ਰਿਹਾ ਹੈ। ਮੌਜੂਦਾ ਮੁਖੀ ਨਾਮਧਾਰੀ ਸਤਿਗੁਰੂ ਉਦੇ ਸਿੰਘ ਜੀ ਪ੍ਰੰਪਰਾਂ ਨੂੰ ਨਵੀਆਂ ਸੇਧਾਂ ਦੇ ਰਹੇ ਹਨ।

**ਸਦਾ ਵਰਤ ਲੰਗਰ**

ਸਿਖ ਪੰਰਪਰਾ ਵਿਚ ਲੰਗਰ ਦੀ ਪ੍ਰਥਾ ਹੋਈ। ਗੁਰੂ ਅਮਰਦਾਸ ਜੀ ਨੇ ਇਹ ਮਰਿਆਦਾ ਬਣਾਈ ਕਿ ਗੁਰੂ ਘਰ ਪਹੁੰਚਣ ਵਾਲਾ ਹਰ ਵਿਅਕਤੀ ਪਹਿਲਾਂ ਲੰਗਰ ਛਕੇ, ਫਿਰ ਦਰਸ਼ਨਾਂ ਨੂੰ ਆਵੇ। ਸੰਗਤ ਅਤੇ ਪੰਗਤ ਦੀ ਇਹ ਪ੍ਰਥਾ ਬਹੁਤ ਪਵਿੱਤਰ ਹੈ। ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਰਾਮ ਸਿੰਘ ਜੀ ਨੇ ਕੇਂਦਰ ਭੈਣੀ ਸਾਹਿਬ ਲੋਹ ਆਪਣੇ ਹੱਥੀ ਲਾਈ ਅਤੇ ਹੁਕਮ ਕੀਤਾ ਕੋਈ ਮਨੁੱਖ ਭੁੱਖਾ ਨਾ ਜਾਵੇ। ਇਥੋਂ ਤੱਕ ਆਦੇਸ਼ ਕੀਤਾ ਜੇ ਕੋਈ ਗਊ ਕਤਲ ਕਰ (ਨਾਮਧਾਰੀਆਂ ਅਨੁਸਾਰ ਸਭ ਤੋਂ ਵੱਡਾ ਪਾਪ) ਤੁਹਾਡੇ ਦਰਵਾਜੇ ਤੇ ਆ ਜਾਵੇ ਉਸ ਨੂੰ ਵੀ ਪ੍ਰਸ਼ਾਦੇ ਤੋਂ ਭੁੱਖਾ ਨਹੀਂ ਜਾਣ ਦੇਣਾ। ਨਾਮਧਾਰੀ ਮੰਨਦੇ ਹਨ ਕਿ ਹਰ ਕੂਕੇ ਦੇ ਘਰ ਗੁਰੂ ਕਾ ਲੰਗਰ ਚਲਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਲੋਹ ਅੱਜ ਵੀ ਨਿਰੰਤਰ ਚੱਲ ਰਹੀ ਹੈ। ਉਹਨਾਂ ਦੀ ਗੱਦੀ ਦੇ ਵਾਰਿਸ ਆਪਣੇ ਆਪ ਨੂੰ ਲੋਹ ਦੇ ਸੇਵਕ ਆਖਦੇ ਹਨ। ਇਸ ਕਰਕੇ ਨਾਮਧਾਰੀ ਪ੍ਰੰਪਰਾ ਅੰਦਰ ਲੰਗਰ ਦਾ ਖਾਸ ਮਹੱਤਵ ਹੈ। ਨਾਮਧਾਰੀ ਕੇਂਦਰਾਂ 'ਚ ਲੰਗਰ ਸਦਾ ਵਰਤ ਚਲਦਾ ਹੈ।

**ਨਾਮਧਾਰੀ ਸੰਪਰਦਾ ਵਿਚ ਇਸਤਰੀਆਂ ਦਾ ਸਥਾਨ**

19 ਵੀਂ ਸਦੀ ਦੇ ਪੰਜਾਬੀ ਸਮਾਜ ਵਿੱਚ ਜੰਮਦੀਆਂ ਕੁੜੀਆਂ ਨੂੰ ਮਾਰ ਦਿੱਤੇ ਜਾਣ ਦਾ ਰਿਵਾਜ਼ ਆਮ ਸੀ। ਇਹ ਮਾੜੀ ਰੀਤ ਏਨੀ ਪ੍ਰਚਲਿਤ ਹੋ ਚੁੱਕੀ ਸੀ ਕਿ ਇਸ ਵਿੱਚੋਂ ਤਰਸ, ਦਇਆ, ਮਮਤਾ, ਆਦਿ ਦਾ ਬਿਲਕੁਲ ਖ਼ਾਤਮਾ ਹੋ ਗਿਆ ਸੀ। ਨਵ-ਜਨਮੀ ਕੁੜੀ ਦੇ ਮੂੰਹ ਨੂੰ ਪਰਿਵਾਰ ਦੀ, ਗਲੀ-ਮੁਹੱਲੇ ਦੀ ਜਾਂ ਪਿੰਡ ਦੀ ਕੋਈ ਇਸਤਰੀ ਅੱਕ ਦੇ ਦੁੱਧ ਜਾਂ ਕਿਸੇ ਹੋਰ ਜ਼ਹਿਰ ਵਿੱਚ ਭਿੱਜੀ ਹੋਈ ਰੂੰ ਦੀ ਬੱਤੀ ਲਾਉਂਦੀ ਸੀ। ਜਦੋਂ ਬੱਚੀ ਉਸ ਜ਼ਹਿਰ ਨੂੰ ਦੁੱਧ ਸਮਝ ਕੇ ਚੂਸ ਲੈਂਦੀ ਤਾਂ ਉਹ ਇਸਤਰੀ ਆਖਦੀ:

*"ਗੁੜ ਖਾਈਂ, ਪੂਣੀ ਕੱਤੀਂ ! ਆਪ ਨਾ ਆਈਂ, ਵੀਰ ਨੂੰ ਘੱਤੀਂ।"*

ਸਤਿਗੁਰੂ ਰਾਮ ਸਿੰਘ ਜੀ ਨੇ ਇਸ ਅਮਾਨਵੀ ਰਿਵਾਜ਼ ਵਿਰੁੱਧ ਆਵਾਜ਼

ਉਠਾਈ। ਉਹਨਾਂ ਨੇ ਆਪਣੇ ਇੱਕ ਹੁਕਮਨਾਮੇ ਵਿੱਚ ਕਿਹਾ, *"ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਨਾ ਕੋਈ ਕੁੜੀ ਮਾਰੇ ਨਾ ਬੇਚੇ ਨਾ ਬਟਾ ਕਰੇ"*

ਸਤਿਗੁਰੂ ਰਾਮ ਸਿੰਘ ਜੀ ਦੇ 64 ਹੁਕਮਨਾਮਿਆਂ ਵਿਚੋਂ 10 ਹੁਕਮਨਾਮੇ ਅਜਿਹੇ ਹਨ ਜਿਨ੍ਹਾਂ ਵਿੱਚ ਇਸਤਰੀ ਉਥਾਨ ਦੀ ਗੱਲ ਉਚੇਚੇ ਤੌਰ 'ਤੇ ਕੀਤੀ ਗਈ ਹੈ।

*- ਹੋਰ ਪਰਾਈ ਧੀ ਭੈਣ ਆਪਣੀ ਜਾਨਣੀ।*

*- ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ ਬਟਾ ਨਹੀਂ ਕਰਨਾ, ਸਦਾ ਗੁਰੂ ਗੁਰੂ ਜਪਦੇ ਰਹਿਣਾ।*

*- ਸਾਰੇ ਬਹੀਰ ਨੂੰ ਏਹੁ ਹੁਕਮ ਸੁਣਾਇ ਦੇਣਾ ਜੋ ਪੰਦਰਾਂ ਸੋਲ੍ਹਾਂ ਬਰਸ ਤੇ ਘਟ ਕੋਈ ਕੁੜੀ ਨਾ ਬਿਆਹੇ।*

ਲੜਕੀ ਮਾਰਨਾ ਨਾਮਧਾਰੀ ਸੰਪਰਦਾ ਵਿੱਚ ਇਕ ਬੱਜਰ ਪਾਪ ਹੈ। ਉਹਨਾਂ ਨੇ ਲੜਕੀ ਵੇਚਣ ਦੀ ਗੱਲ, ਬਟੇ ਦੇ ਸਾਕ ਦੀ ਗੱਲ ਦੀ ਨਿਖੇਧੀ ਬਾਰੰਬਾਰ ਕੀਤੀ। ਉਹਨਾਂ ਸਿਰਫ਼ ਨਿਖੇਧੀ ਹੀ ਨਹੀਂ ਕੀਤੀ ਸਗੋਂ ਜੋ ਇਸ ਤਰ੍ਹਾਂ ਦੇ ਕੁਕਰਮ ਕਰਦੇ ਸਨ ਉਹਨਾਂ ਨੂੰ ਸਖ਼ਤ ਸਜ਼ਾ ਦੇਣ ਦਾ ਵੀ ਹੁਕਮ ਦਿੱਤਾ ਹੈ। ਨਾਮਧਾਰੀ ਸੰਪਰਦਾ ਵਿੱਚ ਅਜੋੜ ਵਿਆਹਾਂ ਦੀ ਵੀ ਸਖਤੀ ਨਾਲ ਮਨਾਹੀ ਕੀਤੀ ਗਈ। ਸਤਿਗੁਰੂ ਰਾਮ ਸਿੰਘ ਦੇ ਇਸ ਕਾਰਜ ਬਾਰੇ ਅੰਗਰੇਜ਼ੀ ਸਰਕਾਰ ਦੀ ਰਿਪੋਰਟ ਕਹਿੰਦੀ ਹੈ-

*"Whosoever makes money by the marriage of his daughter is a rascal. Whoever commits infanticide or exchanges his daughter is equally so. Your children should be educated in the precepts of the Granth."* [9]

ਸੋ ਸਪੱਸ਼ਟ ਹੈ ਕਿ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿੱਥੇ ਨਾਰੀ ਸਨਮਾਨ ਦੀ ਗੱਲ ਕੀਤੀ, ਉੱਥੇ ਨਾਰੀ-ਸਥਾਨ ਦੀ ਵੀ। ਉਹਨਾਂ ਕਿਹਾ ਨਾਰੀ ਦਾ ਸਥਾਨ ਸਮਾਜ ਵਿੱਚ ਮੂਲ ਮਹੱਤਵ ਦਾ ਅਧਿਕਾਰੀ ਹੈ। ਉਹ ਸਮਾਜ ਦੀ ਬੁਨਿਆਦੀ ਇਕਾਈ ਹੈ। ਉਸ ਨੂੰ ਸਮਾਜ ਵਿੱਚ ਦੂਜੈਲਾ ਸਥਾਨ ਦੇਣ ਵਾਲੇ ਪਾਪ ਦੇ ਅਧਿਕਾਰੀ ਹਨ। ਸਤਿਗੁਰੂ ਰਾਮ ਸਿੰਘ ਨੇ ਨਾਰੀ ਦੀ ਵਕਾਲਤ ਬਹੁਤ ਸਾਰੇ ਪਹਿਲੂਆਂ ਨੂੰ ਸਾਹਮਣੇ ਰੱਖ ਕੇ ਕੀਤੀ ਹੈ। ਨਾਰੀ ਦਾ ਵਰ, ਸੁਯੋਗ ਹੋਣਾ ਚਾਹੀਦਾ ਹੈ। ਉਹ ਕਿਸੇ ਡੰਗਰ ਜਾਂ ਢੋਰ ਵਾਂਗ ਵੇਚੀ ਨਾ ਜਾਏ। ਬੇਜ਼ੁਬਾਨ ਵਾਂਗ ਉਸਦਾ ਵੱਟਾ ਨਾ ਕੀਤਾ ਜਾਏ। ਉਸ ਨੂੰ ਤਿਆਗ ਕੇ ਪਰਾਈ ਨਾਰੀ ਵੱਲ ਜਾਣ ਦੇ ਨੁਕਸਾਨ ਤੋਂ ਸਤਿਗੁਰਾਂ ਨੇ ਭਰਪੂਰ ਚਿਤਾਵਨੀ ਦਿੱਤੀ ਹੈ। ਇਸੇ ਤੋਂ ਇਹ ਟੋਹ ਮਿਲਦੀ ਹੈ, ਨਾਮਧਾਰੀ ਸਮਾਜ ਵਿਚ ਨਾਰੀਵਾਦੀ ਚੇਤਨਾ ਦੀ ਪੁਰਜ਼ੋਰ ਅਪੀਲ ਹੋਈ ਹੈ।

**ਨਾਮਧਾਰੀ ਸੰਪਰਦਾ ਦੀ ਸਮਾਜਿਕ ਅਹਿਮੀਅਤ**

ਨਾਮਧਾਰੀ ਸੰਪਰਦਾ ਦੀ ਸਮਾਜਿਕ ਅਹਿਮੀਅਤ ਸਮਾਜ ਸੁਧਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਕੌਮੀ ਆਜ਼ਾਦੀ ਦੇ ਸੰਘਰਸ਼ ਨੂੰ ਇਕਸੁਰ ਕਰਨ ਵਿੱਚ ਰਹੀ ਹੈ। ਇਸ ਲਹਿਰ ਨੇ ਬਾਲ-ਵਿਆਹ, ਦਾਜ-ਪ੍ਰਥਾ ਅਤੇ ਸਮਾਜਿਕ ਵਿਤਕਰੇ ਵਰਗੀਆਂ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਕੇ ਸਾਦਗੀ, ਸਿੱਖਿਆ ਅਤੇ ਹਿੰਦੂ-ਸਿੱਖ ਭਾਈਚਾਰਕ ਸਾਂਝ ਦੀ ਨੀਂਹ ਮਜ਼ਬੂਤ ਕੀਤੀ। ਇਸ ਨੇ ਲੋਕਾਂ ਅੰਦਰ ਸਮਾਜਿਕ ਚੇਤਨਾ ਅਤੇ ਸਵੈ-ਮਾਣ ਪੈਦਾ ਕਰਕੇ ਸੁਤੰਤਰਤਾ ਸੰਗਰਾਮ ਲਈ ਇੱਕ ਮਜ਼ਬੂਤ ਨੈਤਿਕ ਆਧਾਰ ਤਿਆਰ ਕੀਤਾ।

*"सिक्खों में एक उप-सम्प्रदाय है,जो 'नामधारी' या'कूका' कहलाता है। उसके संस्थापक श्री गुरू राम सिंह एक कट्टर विप्लवी थे। उन्होंने उस समय ठीक उसी असह योग का प्रचार प्रारम्भ कर दिया, जो १९२० में महात्मा गाँधी जी ने किया। उनका असहयोग महात्मा जी के असहयोग से भी कई बातों में बढ़ चढ़ कर था। अदालतों के बहिष्कार, अपनी पञ्चायतों के संस्थापन, सरकारी शिक्षा के बहिष्कार, विदेशी सरकार के पूर्ण बहिष्कार के साथ ही साथ, रेल, तार तथा डाक के बहिष्कार का प्रचार भी हुआ।"* [10]

ਨਾਮਧਾਰੀ ਸਮਾਜ ਇਕ ਸਭਿਅਕ ਸਮਾਜ ਵਜੋਂ ਹੋਂਦ ਵਿਚ ਆਇਆ ਸੀ। ਆਰੰਭ ਤੋਂ ਹੀ ਨਾਮਧਾਰੀ ਪ੍ਰਚਾਰਕਾ ਨੇ ਇਸ ਗੱਲ ਨੂੰ ਪ੍ਰਚਾਰਿਆ "ਅਵਿੱਦਿਆ ਮਨੁੱਖ ਦੀ ਆਜ਼ਾਦੀ ਵਿਚ ਵੱਡੀ ਰੁਕਾਵਟ ਹੈ। 1862 ਈ. ਤੋਂ ਬਾਅਦ ਅੰਗਰੇਜ਼ੀ ਸਰਕਾਰ ਵਿਰੁੱਧ ਪ੍ਰਚਾਰ ਪ੍ਰਸਾਰ ਆਰੰਭ ਕਰ ਦਿੱਤਾ। ਜਿਸ ਦਾ ਨਤੀਜਾ ਇਹ ਨਿਕਲਿਆ ਕਿ 1872 ਈ. ਵਿਚ ਪੂਰੇ ਨਾਮਧਾਰੀ ਫਿਰਕੇ ਨੂੰ ਸਰਕਾਰ ਨੇ ਬਾਗੀ ਐਲਾਨ ਦਿੱਤਾ ਅਤੇ ਸਭ ਤਰ੍ਹਾਂ ਦੀਆਂ ਸਖ਼ਤੀਆਂ ਵਧਾ ਦਿੱਤੀਆਂ। 1921 ਈ. ਤੱਕ ਨਾਮਧਾਰੀਆਂ ਦੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਪੁਲਿਸ ਚੌਂਕੀ ਬੈਠੀ ਰਹੀ ਪਰ ਫਿਰ ਵੀ ਵੀਹਵੀਂ ਸਦੀ ਦੇ ਆਰੰਭ ਵਿਚ ਪੈਦਾ ਹੋਈਆਂ ਆਜ਼ਾਦੀ ਲਹਿਰਾਂ ਜਿਵੇਂ ਪੱਗੜੀ ਸੰਭਾਲ, ਗਦਰ ਲਹਿਰ, ਬੱਬਰ ਅਕਾਲੀ ਲਹਿਰ ਵਿਚ ਨਾਮਧਾਰੀਆਂ ਦਾ ਅਹਿਮ ਯੋਗਦਾਨ ਸੀ।

ਗਦਰ ਲਹਿਰ ਦੇ ਪ੍ਰਧਾਨ ਬਾਬਾ ਸੋਹਨ ਸਿੰਘ 'ਭਕਨਾ' ਨਾਮਧਾਰੀ ਸਾਧੂ ਤੋਂ ਹੀ ਪ੍ਰੇਰਿਤ ਹੋ ਕੇ ਦੇਸ਼ ਆਜ਼ਾਦੀ ਸੰਘਰਸ਼ ਵਿਚ ਸਰਗਰਮ ਹੋਏ। ਅਕਸਰ ਹੀ ਇਨ੍ਹਾਂ ਲਹਿਰਾਂ ਨਾਲ ਸਬੰਧਿਤ ਨੌਜਵਾਨ ਮਫ਼ਰੂਰੀ ਦੇ ਦਿਨਾਂ 'ਚ ਭੈਣੀ ਸਾਹਿਬ ਰੁੱਕਦੇ ਸਨ। 1947 ਤੱਕ ਨਾਮਧਾਰੀ ਸਮਾਜ ਪੂਰਨ ਤੌਰ ਤੇ ਭਾਰਤੀ ਰਾਸ਼ਟਰੀ ਅੰਦੋਲਨ ਨਾਲ ਜੁੜਿਆ ਹੋਇਆ ਸੀ। ਮਹਾਤਮਾ ਗਾਂਧੀ ਦੁਆਰਾ ਸ਼ੁਰੂ ਕੀਤਾ ਅਹਿਸਯੋਗ ਅੰਦੋਲਨ ਨੂੰ ਨਾਮਧਾਰੀ ਸਮਾਜ ਸਤਿਗੁਰੂ ਰਾਮ ਸਿੰਘ ਦੁਆਰਾ ਲਗਭਗ ਪੰਜਾਹ ਸਾਲ ਪਹਿਲਾ ਸ਼ੁਰੂ ਕੀਤੇ ਨਾ-ਮਿਲਵਰਤਨ ਦਾ ਵਿਸਤਰਿਤ ਰੂਪ ਸਮਝਦੇ ਸਨ। ਇਸ ਲਈ ਨਾਮਧਾਰੀ ਸੁਤੰਤਰਤਾ ਲਈ ਪੰਜਾਬ ਵਿਚਅਹਿਮ ਧਿਰ ਬਣ ਕਾਰਜਸ਼ੀਲ ਰਹੇ। ਨਾਮਧਾਰੀ ਅਖਬਾਰ ਸਤਿਜੁਗ 1920 ਈ. ਤੋਂ ਲਗਾਤਾਰ ਸਮਾਜਿਕ, ਰਾਜਨੀਤਿਕ ਮੁੱਦਿਆ 'ਤੇ ਸਟੀਕ ਟਿਪਣੀਆਂ ਕਰਦਾ ਰਿਹਾ ਅਤੇ ਦੇਸ਼ ਭਗਤਾਂ ਦੀਆਂ ਕਾਰਗੁਜਾਰੀਆਂ ਦੀ ਹਾਮੀ ਭਰਦਾ ਰਿਹਾ। ਜਿਸ ਕਾਰਨ ਇਹ ਅਖਬਾਰ ਕਈ ਵਾਰ ਜ਼ਬਤ ਹੋਇਆ ਅਤੇ ਹੋਰ ਨਾਮਧਾਰੀ ਲੇਖਕਾਂ ਦੀਆਂ ਲਿਖਤਾਂ ਵੀ ਅੰਗਰੇਜੀ ਸਰਕਾਰ ਦੀ ਜਬਰ ਨੀਤੀ ਦਾ ਸ਼ਿਕਾਰ ਹੁੰਦੀਆਂ ਰਹੀਆਂ। ਨਾਮਧਾਰੀ, ਸਿੱਖ ਹਿੰਦੂ ਰਾਸ਼ਟਰ ਅਤੇ ਰਾਸ਼ਟਰਵਾਦ ਮੁਦੱਈ ਹੋਣ ਕਰਕੇ ਉਹਨਾਂ ਨੇ ਜਿਨਾਹ ਅਤੇ ਮੁਸਲਿਮ ਲੀਗ ਦੀ ਅਲਗਵਾਦ ਦੀ ਸਿਆਸਤ ਦਾ ਵਿਰੋਧ ਕੀਤਾ ਕਿਉਂਕਿ ਉਹ ਕਾਂਗਰਸ ਨੂੰ ਸਰਬ ਭਾਰਤੀ ਪਾਰਟੀ ਸਮਝਦੇ ਸਨ, ਇਸ ਲਈ ਉਹ ਨਹੀਂ ਚਾਹੁੰਦੇ ਸਨ ਕਿ ਕਾਂਗਰਸ ਸੰਪਰਦਾਇਕ ਮੁਸਲਿਮ ਲੀਗ ਅਤੇ ਜਿਨਾਹ ਨਾਲ ਕੋਈ ਸਮਝੌਤਾ ਕਰੇ। ਜਦੋਂ ਕਾਂਗਰਸ ਨੇ ਨਾਲ ਦੀਆਂ ਧਿਰਾਂ ਦੀ ਪਰਵਾਹ ਕੀਤੇ ਬਗੈਰ ਇਹ ਸਮਝੌਤਾ ਕੀਤਾ ਤਾਂ ਨਾਮਧਾਰੀ ਮੌਜੂਦਾ ਮੁੱਖੀ ਨੇ ਆਪਣੇ ਲੋਕਾਂ ਨੂੰ ਬਚਾਉਣ ਲਈ ਦੇਸ਼ ਵੰਡ ਤੋਂ ਪਹਿਲਾਂ ਹੀ ਕੁਝ ਫੈਸਲੇ ਕੀਤੇ।

ਦੇਸ਼ ਵੰਡ ਅਤੇ ਦੇਸ਼ ਆਜ਼ਾਦੀ ਤੋਂ ਬਾਅਦ ਵੱਡੀ ਗਿਣਤੀ ਵਿਚ ਨਾਮਧਾਰੀ ਪੱਛਮੀ ਪੰਜਾਬ ਤੋਂ ਉਜੜ ਇਸ ਪਾਸੇ ਆਏ। ਉਸ ਸਮੇਂ ਦੇ ਮੌਜੂਦਾ ਨਾਮਧਾਰੀ ਮੁੱਖੀ ਸਤਿਗੁਰੂ ਪ੍ਰਤਾਪ ਸਿੰਘ ਨੇ ਵੱਖ-ਵੱਖ ਕਾਰੋਬਾਰਾਂ ਨਾਲ ਸੰਬੰਧਿਤ ਲੋਕਾਂ ਨੂੰ ਭਵਿੱਖ ਮੁੱਖੀ ਯੋਜਨਾ ਨਾਲ ਸੰਭਾਲਿਆ। ਹਿਸਾਰ ਜ਼ਿਲ੍ਹੇ ਵਿਚ ਰਾਜਸਥਾਨ ਨਾਲ ਲਗਦੇ ਏਰੀਏ ਵਿਚ ਖੇਤੀਬਾੜੀ ਨਾਲ ਸੰਬੰਧਿਤ ਸਿੱਖਾਂ ਨੂੰ ਵਸਾਇਆ। ਇਥੇ ਨਾਮਧਾਰੀ ਰਿਆਸਤ ਹੋਂਦ ਵਿਚ ਆਈ। ਇਲਾਕਾ ਜੀਵਨ ਨਗਰ ਨਾਮ ਨਾਲ ਪ੍ਰਸਿੱਧ ਇਸ ਖਿੱਤੇ ਵਿਚ ਦਰਜਨਾਂ ਪਿੰਡ ਨਾਮਧਾਰੀਆਂ ਦੇ ਹਨ। ਦੁਕਾਨਦਾਰੀ ਅਤੇ ਵਪਾਰ ਦੇ ਪੇਸ਼ੇ ਨਾਲ ਸਬੰਧਿਤ ਨਾਮਧਾਰੀਆਂ ਨੂੰ ਹਿਮਾਚਲ ਦੇ ਜ਼ਿਲ੍ਹੇ ਮੰਡੀ, ਯਮੁਨਾਨਗਰ, ਦਿੱਲੀ, ਹੈਦਰਾਬਾਦ ਸਥਾਪਿਤ ਕੀਤਾ। ਨਾਮਧਾਰੀ ਸਮਾਜ ਸਦਾ ਹੀ ਦੇਸ ਦੀ ਆਖੰਡਤਾ ਅਤੇ ਰਾਸਟਰ ਦੀ ਉਨਤੀ ਲਈ ਤੱਤਪਰ ਰਿਹਾ ਹੈ। ਇਸ ਕਰਕੇ ਸ੍ਰੀ ਭੈਣੀ ਸਾਹਿਬ ਹਿੰਦੂ ਸਿਖ ਮਿਲਾਪ ਕਾਨਫਰੰਸਾਂ ਹੋਈਆਂ। ਜਿਸ ਵਿਚ ਅੰਗਰੇਜ਼ੀ ਸਰਕਾਰ, ਮਿਲਾਪ ਵਿਰੋਧੀ ਜਥੇਬੰਦੀਆਂ ਦੀਆਂ ਨੀਤੀਆਂ ਦੀ ਨਿਸ਼ਾਨਦੇਹੀ ਕਰਦਿਆਂ ਹਿੰਦੂ ਸਿਖ ਦੀ ਮੁੱਢ ਕਦੀਮੀ ਸਾਂਝ ਦੀ ਗੱਲ ਕੀਤੀ ਗਈ। ਅੱਜ ਵੀ ਨਾਮਧਾਰੀ ਦਰਬਾਰ ਇਸ ਸਾਂਝ ਦਾ ਮੁਦਈ ਹੈ।ਪਿਛਲੇ ਸਮਿਆਂ ਵਿਚ ਨਾਮਧਾਰੀ ਦਰਬਾਰ ਵਲੋਂ ਲਗਾਤਾਰ ਸਰਬ ਧਰਮ ਸੰਮੇਲਨ ਆਯੋਜਿਤ ਕੀਤੇ ਗਏ ਹਨ ਤਾਂ ਕਿ ਇਹ ਭਾਰਤੀ ਸੰਸਕ੍ਰਿਤੀ, ਭਾਰਤੀ ਧਰਮ ਆਪਸੀ ਏਕਤਾ ਦੇ ਮੁਦਈ ਰਹਿਣ ਅਤੇ ਇਕ ਦੂਜੇ ਦੀਆਂ ਪੂਜਾ ਪੱਧਤੀਆਂ ਦਾ ਸਨਮਾਨ ਕਰਨ। ਇਹ ਸੰਮੇਲਨ ਵਿਦੇਸ਼ਾਂ ਵਿਚ ਵੀ ਹੋਏ ਜਿਵੇਂ ਕੈਨੇਡਾ, ਅਸਟ੍ਰੇਲੀਆਂ, ਯੂ.ਕੇ ਆਦਿ।

**ਨਾਮਧਾਰੀ ਸੰਪਰਦਾ ਦਾ ਸੰਗੀਤਕ ਯੋਗਦਾਨ**

ਸਿੱਖ ਪਰੰਪਰਾ ਆਦਿ ਗੁਰੂ ਨਾਨਕ ਦੇਵ ਜੀ ਤੋਂ ਹੀ ਸੰਗੀਤ ਦੇ ਮਹੱਤਵ ਨੂੰ ਜਾਣਨ ਵਾਲੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਮੱਤ ਦਾ ਪ੍ਰਚਾਰ ਸੰਗੀਤ ਧੁੰਨੀਆ ਰਾਂਹੀ ਕੀਤਾ। ਸ੍ਰੀ ਗੁਰੂ ਗਰੰਥ ਸਾਹਿਬ ਦੀ ਸਾਰੀ ਰਚਨਾ ਰਾਗਾਂ ’ਤੇ ਅਧਾਰਿਤ ਹੈ। ਸਿਖ ਅਸਥਾਨਾਂ ’ਤੇ ਸੰਗੀਤ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ ਹੈ। 20 ਵੀਂ ਸਦੀ ਵਿਚ ਜਦੋਂ ਇਹ ਸੰਗੀਤ ਪ੍ਰੰਪਰਾ ਆਪਣੀ ਮੂਲ ਪਛਾਣ ਤੋਂ ਅਵੇਸਲੀ ਹੋ ਰਹੀ ਸੀ ਤਾਂ ਨਾਮਧਾਰੀ ਲਹਿਰ ਦੇ ਉਸ ਸਮੇਂ ਦੇ ਮੌਜੂਦਾ ਮੁੱਖੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਵੱਲ ਵਿਸ਼ੇਸ ਧਿਆਨ ਦਿੱਤਾ। ਭਾਰਤੀ ਸੰਗੀਤ ਪ੍ਰੰਪਰਾ ਅਨੁਸਾਰ ਤੰਤੀ ਸਾਜਾਂ ਨਾਲ ਹੋਣ ਵਾਲੇ ਸ਼ਬਦ ਕੀਰਤਨ ਦੇ ਮੂਲ ਸਰੂਪ ਨੂੰ ਬਦਲਿਆ ਜਾ ਰਿਹਾ ਸੀ। ਹਰਮੋਨੀਅਮ ਵਾਜਿਆਂ ਨਾਲ ਵਰਤਮਾਨ ਸਮੇਂ ਚਲੰਤ ਗੀਤ, ਗਜ਼ਲਾਂ ਦੀਆਂ ਧੁੰਨੀਆਂ ’ਤੇ ਕੀਰਤਨ ਪ੍ਰਚਲਿਤ ਹੋ ਗਿਆ ਸੀ। ਪੁਰਾਤਨ ਬੰਦਸ਼ਾ ਸਮੇਂ ਦੀ ਧੂੜ ਵਿਚ ਅਲੋਪ ਹੋ ਰਹੀਆਂ ਸਨ। ਸਤਿਗੁਰੂ ਪ੍ਰਤਾਪ ਸਿੰਘ ਨੇ ਪੰਜਾਬੀ ਨੌਜਵਾਨਾਂ ਨੂੰ ਮੂਲ ਭਾਰਤੀ ਕਲਾਸੀਕਲ ਸੰਗੀਤ ਵੱਲ ਮੁੜ ਜੋੜਨ ਲਈ ਵੱਡੇ ਸੰਗੀਤ ਪ੍ਰੋਗ੍ਰਾਮ ਪੰਜਾਬ ਵਿਚ ਆਯੋਜਿਤ ਕੀਤੇ। ਭੈਣੀ ਸਾਹਿਬ ਕਲਾ ਕੇਂਦਰ ਸਥਾਪਿਤ ਕੀਤਾ, ਜਿਥੇ ਸੰਗੀਤ ਦੇ ਵਿਦਵਾਨ ਉਸਤਾਦ ਬੱਚਿਆਂ ਨੂੰ ਤਾਲੀਮ ਦਿੰਦੇ ਸਨ। ਇਸ ਪ੍ਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਸਤਿਗੁਰੂ ਜਗਜੀਤ ਸਿੰਘ ਨੇ ਆਪਣੇ ਸਮੇਂ ਸੰਗੀਤ ਸਿਖਲਾਈ ਦੇ ਪ੍ਰਵਾਹ ਨੂੰ ਹੋਰ ਵਿਸਥਾਰ ਦਿੱਤਾ। ਉਹਨਾਂ ਨੌਜਵਾਨਾਂ ਅੰਦਰ ਸੰਗੀਤ ਦੀ ਚਿਣਗ ਲਗਾ ਉਹਨਾਂ ਨੂੰ ਉੱਚ ਕੋਟੀ ਦੇ ਭਾਰਤੀ ਉਸਤਾਦਾ ਦੀ ਸ਼ਗਿਰਦੀ ਕਰਵਾਈ। ਉਸਤਾਦ ਵਲਾਇਤ ਖਾਂ (ਸਿਤਾਰ), ਪੰ. ਕਿਸ਼ਨ ਮਹਾਰਾਜ (ਤਬਲਾ), ਪੰ. ਸ਼ਿਵ ਕੁਮਾਰ (ਸੰਤੂਰ), ਸ੍ਰੀ ਰਾਜਨ, ਸਾਜਨ ਮਿਸ਼ਰਾ (ਗਾਇਕੀ), ਪੰ. ਰਾਮ ਨਾਰਾਇਣ (ਸਾਰੰਗੀ), ਪੰ. ਬਿਰਜੂ ਮਹਾਰਾਜ (ਕੱਥਕ), ਅਮਜ਼ਦ ਅਲੀ ਖਾਂ (ਸਰੋਦ) ਆਦਿ ਉਸਤਾਦਾਂ ਕੋਲੋਂ ਨਾਮਧਾਰੀ ਨੌਜਵਾਨਾਂ ਨੇ ਤਾਲੀਮ ਹਾਸਲ ਕੀਤੀ। ਸੰਗੀਤ ਵਿਚ ਵਿਸ਼ਵ ਪ੍ਰਸਿੱਧੀ ਖੱਟਣ ਵਾਲੇ ਕੁਝ ਨਾਮਧਾਰੀ ਨੌਜਵਾਨਾਂ ਦੇ ਨਾਮ ਉਹਨਾਂ ਦੇ ਉਸਤਾਦਾਂ ਸਮੇਤ ਅੰਕਿਤ ਹਨ-

1. *ਪ੍ਰਸਿੱਧ ਸਿਤਾਰ ਵਾਦਕਉਸਤਾਦ ਵਲਾਇਤ ਖਾਂ ਦੇ ਸ਼ਾਗਿਰਦ ਸ੍ਰੀ ਧਰਮਵੀਰ ਸਿੰਘ, ਸ੍ਰੀ ਸ਼ੇਰ ਸਿੰਘ ਚਾਵਲਾ, ਸ੍ਰੀ ਸੰਤੋਖ ਸਿੰਘ ਲਾਲ ਜੀ, ਸ੍ਰੀ ਬਲਜੀਤ ਸਿੰਘ ।*
2. *ਪੰ: ਸ਼ਿਵ ਕੁਮਾਰ ਸੰਤੂਰ ਸਮਰਾਟ ਦੇ ਸ਼ਾਗਿਰਦ ਸ੍ਰੀ ਹਰਜਿੰਦਰ ਪਾਲ ਸਿੰਘ, ਸ੍ਰੀ ਕਿਰਨਪਾਲ ਸਿੰਘ।*
3. *ਸਰੋਦ ਸਮਰਾਟ ਉਸਤਾਦ ਅਮਜ਼ਦ ਅਲੀ ਖਾਂ ਦੇ ਸ਼ਾਗਿਰਦ ਸ੍ਰੀ ਗੁਰਦੇਵ ਸਿੰਘ, ਸ੍ਰੀ ਹਰਭਜਨ ਸਿੰਘ ।*
4. *ਪ੍ਰਸਿੱਧ ਸਿਤਾਰ ਵਾਦਕ ਉਸਤਾਦ ਇਮਰਤ ਖਾਂ ਦੇ ਸ਼ਾਗਿਰਦ ਸ੍ਰੀ ਸੁਰਿੰਦਰ ਸਿੰਘ, ਸ੍ਰੀ ਚਰਨ ਸਿੰਘ ਜੰਮੂ ਸ੍ਰੀ ਤੇਜਿੰਦਰ ਸਿੰਘ ਰੀਟਾ, ਸ੍ਰੀ ਗੁਰਮੁਖ ਸਿੰਘ, ਡਾ: ਅਮਰੀਕ ਸਿੰਘ।*
5. *ਪ੍ਰਸਿੱਧ ਤਬਲਾ ਵਾਦਕਪੰ: ਕਿਸ਼ਨ ਸਿੰਘ ਮਹਾਰਾਜ ਪਾਸ ਸ੍ਰੀ ਸੁਖਵਿੰਦਰ ਸਿੰਘ ਪਿੰਕੀ, ਸ੍ਰੀ ਸੁਖਦੇਵ ਸਿੰਘ, ਸ੍ਰੀ ਸੁਖਵਿੰਦਰ ਸਿੰਘ।*
6. *ਸਾਰੰਗੀ ਵਾਦਕ ਪੰ: ਰਾਮ ਨਾਰਾਇਣ ਜੀ ਦੇ ਸ਼ਾਗਿਰਦ ਦੇ ਤੌਰ ਤੇ ਸ੍ਰੀ ਸੁਰਜੀਤ ਸਿੰਘ, ਸ੍ਰੀ ਅਰਵਿੰਦਰ ਸਿੰਘ, ਸ੍ਰੀ ਸੁਰਿੰਦਰ ਸਿੰਘ।*
7. *ਮਿਸਰਾ ਬੰਧੂਆਂ, ਸ੍ਰੀ ਰਾਜਨ ਸਾਜਨ ਦੇ ਸ਼ਾਗਿਰਦ ਸ੍ਰੀ ਮੋਹਨ ਸਿੰਘ ਅਤੇ ਸ੍ਰੀ ਸੁਖਦੇਵ ਸਿੰਘ।*
8. *ਪੰ: ਰਾਮ ਜੀ ਮਿਸ਼ਰਾ ਸਪੁਤਰ ਪੰ: ਅਣੋਖੇ ਲਾਲ ਬਨਾਰਸ ਦੇ ਸ਼ਾਗਿਰਦ ਸ੍ਰੀ ਹਰਪ੍ਰੀਤ ਸਿੰਘ।*
9. *ਤਬਲਾ ਵਾਦਕ ਭਾਰਤ ਪ੍ਰਸਿੱਧ ਪੰ: ਸਾਮਤਾ ਪ੍ਰਸਾਦ ਦੇ ਸ਼ਾਗਿਰਦ ਸ. ਅਵਤਾਰ ਸਿੰਘ ਅੰਮ੍ਰਿਤਸਰੀ।*
10. *ਪ੍ਰਸਿੱਧ ਬੰਸਰੀ ਵਾਦਕ ਸ੍ਰੀ ਹਰੀ ਪ੍ਰਸਾਦ ਚੌਰਸੀਆਦੇ ਸ਼ਾਗਿਰਦ ਜੰਮੂ ਵਾਲੇ ਸ੍ਰੀ ਸਤਿਪਾਲ ਸਿੰਘ।*
11. *ਪੰ: ਬਿਰਜੂ ਮਹਾਰਾਜ ਦੇ ਸ਼ਾਗਿਰਦ ਸ੍ਰੀ ਅਮਰ ਸਿੰਘ।*
12. *ਪੰ: ਦੁਰਗਾ ਲਾਲ ਕੱਥਕ ਦੇ ਸ਼ਾਗਿਰਦ ਸ੍ਰੀ ਬਲਵੰਤ ਸਿੰਘ, ਸੁਖਦੇਵ ਸਿੰਘ ਤੇ ਅਮਰੀਕ ਸਿੰਘ ।*

ਇਨ੍ਹਾਂ ਨਾਮਧਾਰੀ ਸੰਗੀਤਕਾਰਾਂ ਵਿੱਚੋਂ ਬਲਜੀਤ ਸਿੰਘ, ਸੁਖਵਿੰਦਰ ਸਿੰਘ ਪਿੰਕੀ, ਮੋਹਨ ਸਿੰਘ, ਹਰਜਿੰਦਰ ਸਿੰਘ, ਬਲਵੰਤ ਸਿੰਘ ਆਦਿ ਦਾ ਨਾਮ ਦੁਨੀਆਂ ਦੇ ਵੱਡੇ ਉਸਤਾਦਾਂ ਵਿਚ ਸ਼ੁਮਾਰ ਹੈ। ਵਰਤਮਾਨ ਸਮੇਂ ਵਿਚ ਉਤਰੀ ਭਾਰਤ ਦਾ ਸਭ ਤੋਂ ਵੱਡਾ ਸੰਗੀਤ ਸੰਮੇਲਨ ਨਵੰਬਰ ਮਹੀਨੇ ਵਿਚ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਹੁੰਦਾ ਹੈ। ਜਿਥੇ ਸੰਸਾਰ ਭਰ ਦੇ ਸਾਰੇ ਮਹਾਨ ਸ਼ਾਸਤਰੀ ਕਲਾਕਾਰ ਹਾਜ਼ਰੀ ਭਰਦੇ ਹਨ। ਸੰਗੀਤ ਦੇ ਵੱਡੇ ਇਨਾਮੀ ਮੁਕਾਬਲੇ ਨਾਮਧਾਰੀਆਂ ਵੱਲੋਂ ਕਰਵਾਏ ਜਾਂਦੇ ਹਨ। ਨਾਮਧਾਰੀ ਸੰਪਰਦਾ ਨੇ ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀ ਧਰੋਹਰ ਨੂੰ

ਸੰਭਾਲ ਕੇ ਰੱਖਿਆ ਹੋਇਆ ਹੈ। ਨਾਮਧਾਰੀ ਮੁਖੀ ਸਤਿਗੁਰੂ ਜਗਜੀਤ ਸਿੰਘ ਦਾ ਹੁਕਮ ਸੀ ਹਰ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੂ ਜ਼ਰੂਰ ਆਉਣੀ ਚਾਹੀਦੀ ਹੈ।

*"ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਵਿਚ ਨਾਮਧਾਰੀਆਂ ਨੇ ਭਾਰਤ ਦੇ ਨਵੀਨ ਸੰਗੀਤ ਇਤਿਹਾਸ ਤੇ ਇਕ ਐਸੀ ਮੋਹਰ ਲਾਈ ਹੈ ਜੋ ਸਮੇਂ ਦੇ ਬੀਤਣ ਨਾਲ ਹੋਰ ਵੀ ਉਘੜਵੀਂ ਹੋਵੇਗੀ। ਨਾਮਧਾਰੀਆਂ ਕੋਲ ਜਿੱਥੇ ਸ਼ਾਸਤਰੀ ਸੰਗੀਤ ਦੀਆਂ ਸਾਰੀਆਂ ਹੀ ਨਵੀਨ ਰੀਤਾਂ ਸੁਰੱਖਿਅਤ ਹਨ, ਉਥੇ ਹੀ ਗੁਰਮਿਤ ਸੰਗੀਤ ਗੁਰਬਾਣੀ ਗਾਇਨ ਦੀ ਪਰੰਪਰਕ ਰੀਤਾਂ ਦਾ ਵੀ ਇਕ ਅਖੁੱਟ ਖਜ਼ਾਨਾ ਹੈ।"* [11]

**ਪੰਜਾਬੀ ਭਾਸ਼ਾ ਲਈ ਯੋਗਦਾਨ**

ਪੰਜਾਬੀ ਭਾਸ਼ਾ ਲਈ ਨਾਮਧਾਰੀ ਸੰਪਰਦਾ ਮੁੱਢ ਤੋਂ ਹੀ ਅਗਰਸ਼ੀਲ ਹੋ ਕਾਰਜ ਕਰਦੀ ਰਹੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਨਾਮਿਆਂ 'ਚ ਇਹ ਲਿਖਿਆ ਹੈ 'ਸਭ ਕੁੜੀ ਮੁੰਡੇ ਨੂੰ ਗੁਰਮੁੱਖੀ ਅੱਖਰ ਪੜ੍ਹਾ ਦੇਣੇ'। 1857 ਤੋਂ ਬਾਅਦ ਸੁੱਧ ਸਿੰਘ ਨਾਮੀ ਸਿੱਖ ਭੈਣੀ ਸਾਹਿਬ ਕੇਂਦਰ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਰੱਖਿਆ ਗਿਆ। ਗੁਰਬਾਣੀ ਬੀੜਾਂ ਲਿਖਵਾਈਆਂ ਅਤੇ ਲਾਹੌਰ ਤੋਂ ਪਹਿਲੀਆਂ ਪੱਥਰ ਛਾਪੇ ਦੀਆਂ ਬੀੜਾਂ ਨਾਮਧਾਰੀ ਸੰਪਰਦਾ ਨੇ ਛਪਵਾਈਆਂ। ਹੋਰ ਸਾਹਿਤ ਵੀ ਇਸ ਪ੍ਰੈਸ ਵਿਚੋਂ ਛਪਦਾ ਰਿਹਾ। ਇਹ ਪ੍ਰੈਸ ਸਤਿਗੁਰੂ ਰਾਮ ਸਿੰਘ ਦੇ ਹੁਕਮ ਨਾਲ ਉਹਨਾਂ ਦੇ ਪ੍ਰੇਮੀ ਸਿੱਖ ਬੂਟਾ ਸਿੰਘ ਨੇ ਲਾਈ ਸੀ ਜੋ ਮਹਾਰਾਣੀ ਜਿੰਦਾ ਦਾ ਦੀਵਾਨ ਸੀ। 1920 ਵਿਚ ਨਾਮਧਾਰੀ ਦਰਬਾਰ ਵੱਲੋਂ ਸਤਿਜੁਗ ਪਰਚਾ ਆਰੰਭ ਕੀਤਾ ਗਿਆ। ਜਿਸ ਵਿਚ ਸਮੇਂ-ਸਮੇਂ ਪੰਜਾਬੀ ਭਾਸ਼ਾ ਦੀ ਵਰਤਮਾਨ ਚਿੰਤਾਵਾਂ ਨੂੰ ਉਭਾਰਿਆ ਜਾਂਦਾ ਰਿਹਾ। ਅਕਤੂਬਰ 1942 ਵਿਚ ਸਤਿਗੁਰੂ ਪ੍ਰਤਾਪ ਸਿੰਘ ਨੇ ਭੈਣੀ ਸਾਹਿਬ ਪੰਜਾਬੀ ਕਾਨਫਰੰਸ ਕਰਵਾਈ। ਜਿਸ ਦੇ ਪ੍ਰਧਾਨ ਸ. ਬਲਦੇਵ ਸਿੰਘ ਸਨ। ਇਸ ਵਿਚ ਉੱਘੇ ਪੰਜਾਬੀ ਕਲਮਕਾਰ ਸ਼ਾਮਲ ਹੋਏ। ਸਤਿਗੁਰੂ ਜਗਜੀਤ ਸਿੰਘ ਦੇ ਸਮੇਂ ਨਾਮਧਾਰੀ ਦਰਬਾਰ ਵਲੋਂ ਲਗਾਤਾਰ ਪੰਜਾਬੀ ਭਾਸ਼ਾ ਲਈ ਕਾਨਫਰੰਸਾਂ ਅਤੇ ਸੈਮੀਨਾਰ ਹੁੰਦੇ ਰਹੇ ਜੋ ਅੱਜ ਵੀ ਲਗਾਤਾਰ ਚੱਲ ਰਹੇ ਹਨ। ਵਿਸ਼ਵ ਪੰਜਾਬੀ ਕਾਨਫਰੰਸਾਂ ਭਾਰਤ ਤੋਂ ਬਾਹਰ ਵੀ ਨਾਮਧਾਰੀ ਸਮਾਜ ਵਲੋਂ ਕੀਤੀਆਂ ਗਈਆਂ। ਇਸ ਸੰਪਰਦਾਂ ਨੇ ਪੰਜਾਬੀ ਭਾਸ਼ਾ ਦੀ ਹਰ ਚੁਣੌਤੀ ਨੂੰ ਸਵੀਕਾਰ ਕੀਤਾ ਹੈ ਅਤੇ ਉਸ ਦੇ ਸਮਾਧਾਨ ਲਈ ਮੂਹਰਲੀ ਕਤਾਰ ਵਿਚ ਹਮੇਸ਼ਾ ਖੜ੍ਹੀ ਹੈ।

**ਖੇਡਾਂ ਵਿਚ ਯੋਗਦਾਨ**

ਨਾਮਧਾਰੀ ਸੰਪਰਦਾ ਨੇ ਸੰਗੀਤ ਤੋਂ ਬਾਅਦ ਜਿਸ ਖੇਤਰ ਵਿਚ ਸਭ ਤੋਂ ਜਿਆਦਾ ਕੰਮ ਕੀਤਾ ਉਹ ਹੈ ਖੇਡ ਜਗਤ। 1973 ਵਿਚ ਨਾਮਧਾਰੀ ਸੰਪਰਦਾ ਵੱਲੋਂ ਪਹਿਲੀ ਹਾਕੀ ਦੀ ਟੀਮ ਤਿਆਰ ਕੀਤੀ। ਇਸ ਤੋਂ ਬਾਅਦ ਲਗਾਤਾਰ ਹਾਕੀ ਵਿਚ ਨਾਮਧਾਰੀ ਨੌਜਵਾਨਾਂ ਨੇ ਮਾਰਕੇ ਮਾਰੇ। ਕੁਝ ਸਾਲਾਂ ਵਿਚ ਨਾਮਧਾਰੀ ਹਾਕੀ ਦੀ ਟੀਮ ਰਾਸ਼ਟਰੀ ਲੈਵਲ ਤੋਂ ਅੰਤਰ ਰਾਸ਼ਟਰੀ ਲੈਵਲ ਤੱਕ ਆਪਣਾ ਲੋਹਾ ਮੰਨਵਾ ਉੱਚ ਕੋਟੀ ਦੇ ਹਾਕੀ ਕਲੱਬਾ ਵਿਚ ਸ਼ਾਮਲ ਹੋ ਗਈ। ਭਾਰਤੀ ਹਾਕੀ ਟੀਮ ਵਿਚ ਆਪਣੀ ਥਾਂ ਬਣਾਉਣ ਵਾਲੇ ਨਾਮਧਾਰੀ ਨੌਜਵਾਨਾਂ ਦੀ ਫਰਿਸ਼ਤ ਲੰਬੀ ਹੈ। ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਦੀ ਨੁਮਾਇੰਦਗੀ ਕਰਕੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੇ ਪ੍ਰਮੁੱਖ ਨਾਮਧਾਰੀ ਖਿਡਾਰੀਆਂ ਵਿੱਚ ਹਰਦੀਪ ਸਿੰਘ ਗਰੇਵਾਲ, ਦੀਦਾਰ ਸਿੰਘ, ਹਰਪਾਲ ਸਿੰਘ, ਸਰਦਾਰ ਸਿੰਘ ਅਤੇ ਗੁਰਨਾਮ ਸਿੰਘ ਸ਼ਾਮਲ ਹਨ।

ਭਾਰਤੀ ਹਾਕੀ ਟੀਮ ਦੇ ਲੰਬਾ ਸਮਾਂ ਕਪਤਾਨ ਰਹੇ ਸਰਦਾਰ ਸਿੰਘ ਨਾਮਧਾਰੀ ਹਾਕੀ ਟੀਮ ਦੇ ਹੀ ਮੈਂਬਰ ਹਨ। ਮਹਾਨ ਭਾਰਤੀ ਖਿਡਾਰੀ 'ਧੰਨਰਾਜ ਪਿਲੇ' ਨਾਮਧਾਰੀ ਹਾਕੀ ਟੀਮ ਬਾਰੇ ਆਖਦੇ ਹਨ-

*"Namdhari XI was among one of the best teams in the country, when i started playing from Mahindra& Mahindra way back in 1989. Satguru Jagjit Singh ji, the founder who establish this club in Sirsa, Haryana was very passionate about sports particularly hockey, the legency has taken over by Guru (Thakur) Uday Singh Ji. I have seen his passion for sports."* [12]

ਇਸ ਤੋਂ ਬਿਨਾਂ ਨਾਮਧਾਰੀ ਸੰਪਰਦਾ ਨੇ ਬੈਡਮੈਂਟਨ ਦੇ ਰਾਸ਼ਟਰੀ ਖਿਡਾਰੀ ਪੈਦਾ ਕੀਤੇ ਵਰਤਮਾਨ ਸਮੇਂ ਵਿਚ 2016 ਤੋਂ ਨਾਮਧਾਰੀ ਸੰਪਰਦਾ ਨੇ ਫੁੱਟਬਾਲ ਅਕੈਡਮੀ ਸ਼ੁਰੂ ਕੀਤੀ ਹੈ, ਕੁਝ ਹੀ ਸਾਲਾਂ ਵਿਚ ਨਾਮਧਾਰੀ ਕਲੱਬ ਦਾ ਨਾਮ ਭਾਰਤ ਦੇ ਵੱਡੇ ਕਲੱਬਾਂ ਵਿਚ ਸ਼ਾਮਲ ਹੋ ਗਿਆ ਹੈ। ਪਿਛਲੇ ਸਾਲ ਦੀ ਆਈ ਲੀਗ (ਜੋ ਭਾਰਤ ਦੀ ਦੂਸਰੇ ਨੰਬਰ ਦੀ ਫੁੱਟਬਾਲ ਲੀਗ ਹੈ) ਵਿਚ ਨਾਮਧਾਰੀ ਫੁੱਟਬਾਲ ਕਲੱਬ ਚੌਥੇ ਸਥਾਨ ਤੇ ਰਿਹਾ। ਪੰਜਾਬ ਲੀਗ ਵਿਚ ਲਗਾਤਾਰ ਦੋ ਸਾਲਾਂ ਤੋਂ ਪਹਿਲੇ ਸਥਾਨ ਤੇ ਹੈ। ਨਾਮਧਾਰੀ ਕੇਂਦਰ ਭੈਣੀ ਸਾਹਿਬ ਵੱਡੇ ਖੇਡ ਕੇਂਦਰ ਵਜੋਂ ਪੰਜਾਬ ਵਿਚ ਸਥਾਪਿਤ ਹੈ। ਜਿਥੇ ਸੈਂਕੜਿਆਂ ਦੀ ਗਿਣਤੀ ਵਿਚ ਸਵੇਰੇ ਸ਼ਾਮ ਨੌਜਵਾਨ ਖੇਡ ਮੈਦਾਨ ਵਿਚ ਆਉਂਦੇ ਹਨ। ਆਉਣ ਵਾਲੇ ਸਮੇਂ ਵਿਚ ਇਹ ਨਾਮਧਾਰੀ ਖੇਡ ਕਲੱਬ ਦੇ ਬੱਚੇ ਭਾਰਤ ਦੀ ਫੁੱਟਬਾਲ ਟੀਮ ਵਿਚ ਅਹਿਮ ਭੂਮਿਕਾ ਨਿਭਾਉਂਦੇ ਨਜ਼ਰ ਆਉਣਗੇ।

**ਨਾਮਧਾਰੀ ਸੰਪਰਦਾ ਦੀਆਂ ਵਿੱਦਿਅਕ ਸੰਸਥਾਵਾਂ**

1928 ਈ. ਵਿਚ ਨਾਮਧਾਰੀਆਂ ਨੇ ਪਹਿਲਾ ਸਕੂਲ ਆਪਣੇ ਕੇਂਦਰ ਭੈਣੀ ਸਾਹਿਬ ਸ਼ੁਰੂ ਕੀਤਾ। ਇਹ ਸਕੂਲ ਆਸ਼ਰਮ ਨੁਮਾ ਸੀ ਜਿਸ ਵਿਚ ਬੱਚੇ ਮਾਂ ਪਿਉ ਤੋਂ ਦੂਰ ਰਹਿ ਕੇ ਵਿਦਿਆ ਪ੍ਰਾਪਤ ਕਰਦੇ ਸੀ। ਦੇਸ਼ ਆਜ਼ਾਦੀ ਤੱਕ ਇਹ ਸਕੂਲ ਚਲਦਾ ਰਿਹਾ। ਦੇਸ਼ ਵੰਡ ਤੋਂ ਬਾਅਦ ਜਦੋਂ ਨਾਮਧਾਰੀਆਂ ਨੇ ਜੀਵਨ ਨਗਰ (ਸਿਰਸਾ) ਆਬਾਦ ਕੀਤਾ ਤਾਂ ਪੰਜ ਸੌ ਏਕੜ ਜਮੀਨ ਸਕੂਲ, ਕਾਲਜ ਵਾਸਤੇ ਰੱਖੀ ਜਿਥੇ ਗੁਰੂ ਹਰੀ ਸਿੰਘ ਮਹਾਂ ਵਿਦਿਆਲਿਆ ਅਤੇ ਇਕ ਸਕੂਲ ਬਣਾਇਆ ਗਿਆ ਜੋ ਅੱਜ ਵੀ ਚੱਲ ਰਿਹਾ ਹੈ।

ਨਾਮਧਾਰੀ ਨੌਜਵਾਨਾਂ ਨੂੰ ਆਧੁਨਿਕ ਸਿਖਿਆ ਦੇ ਹਾਣ ਦਾ ਬਨਾਉਣ ਲਈ 1987 ਈਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੀ ਨਾਮਧਾਰੀ ਕੇਂਦਰ ਭੈਣੀ ਸਾਹਿਬ ਸ਼ੁਰੂਵਾਤ ਕੀਤੀ ਗਈ।ਇਹ ਸਕੂਲ ਹਾਈ ਸੈਕੰਡਰੀ ਤੱਕ ਹੋਸਟਲ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਸੀ। ਇਸ ਦੇ ਨਾਲ ਹੀ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਸ਼ਹੀਦ ਬਿਸ਼ਨ ਸਿੰਘ ਸਕੂਲ ਖੋਲਿਆ ਗਿਆ। ਥਾਈਲੈਂਡ ਵਿਚ ਵੀ ਨਾਮਧਾਰੀ ਨੌਜਵਾਨਾਂ ਨੂੰ ਭਾਰਤੀ ਸੰਸਕ੍ਰਿਤੀ ਅਤੇ ਸਿੱਖੀ ਪਰੰਪਰਾ ਨਾਲ ਜੋੜਣ ਵਾਲਾ ਇਕ ਇੰਟਰਨੈਸ਼ਨਲ ਸਕੂਲ ਨਾਮਧਾਰੀ ਸੰਪਰਦਾ ਦਾ ਚੱਲ ਰਿਹਾ ਹੈ। ਔਨਲਾਈ ਗੁਰਬਾਣੀ, ਸਿੱਖ ਇਤਿਹਾਸ, ਸਿੱਖਿਆ ਦਾ ਇਕ ਸਕੂਲ ਵਿਸ਼ਵ ਪੱਧਰ 'ਤੇ ਚਲਦਾ ਹੈ ਜਿਥੇ ਵੱਖ-ਵੱਖ ਦੇਸ਼ਾਂ ਦੇ ਬੱਚੇ ਤਾਲੀਮ ਹਾਸਲ ਕਰ ਰਹੇ ਹਨ।

**ਗਊ ਸੰਭਾਲ ਅਤੇ ਨਸਲ ਸੁਧਾਰ**

ਨਾਮਧਾਰੀਆਂ ਨੇ ਗਊ ਦੇ ਗਲੇ ਤੋਂ ਛੁਰੀ ਲਾਉਣ ਲਈ ਕੁਰਬਾਨੀਆਂ ਦਿੱਤੀਆਂ। ਇਸ ਲਈ ਗਊ ਪ੍ਰਤੀ ਇਨ੍ਹਾਂ ਦਾ ਸਨੇਹ ਖਾਸ ਹੈ। ਸਤਿਗੁਰੂ ਪ੍ਰਤਾਪ ਸਿੰਘ ਨੇ ਗਊ ਨਸਲ ਸੁਧਾਰ ਲਈ ਵਿਸ਼ੇਸ਼ ਉਪਰਾਲੇ ਕੀਤੇ। ਸ੍ਰੀ ਭੈਣੀ ਸਾਹਿਬ ਅਤੇ ਜੀਵਨ ਨਗਰ ਪਸ਼ੂ ਪ੍ਰਦਰਸ਼ਨੀਆਂ ਕਰ ਲੋਕਾਂ ਨੂੰ ਚੰਗੀ ਦੇਸੀ ਨਸਲ ਰੱਖਣ ਲਈ ਪ੍ਰੇਰਿਆ।ਨਾਮਧਾਰੀਆਂ ਲਈ ਹੁਕਮ ਸੀ ਉਹ ਮਾੜਾ ਪਸ਼ੂ ਨਾ ਰੱਖਣ। ਸਾਹੀਵਾਲ ਅਤੇ ਹਰਿਆਨਵੀਂ ਨਸਲ ਨੂੰ ਸੰਭਾਲਣ ਲਈ ਉਹਨਾਂ ਨੇ ਵਿਸ਼ੇਸ਼ ਯਤਨ ਕੀਤੇ। ਨਾਮਧਾਰੀ ਕੇਂਦਰ ’ਚ ਅੱਜ ਵੀ ਪਿਊਰ ਦੇਸੀ ਨਸਲ ਦੀਆਂ ਸਾਹੀਵਾਲ ਅਤੇ ਹਰਿਆਣਵੀਂ ਗਊਆਂ ਹਨ। ਪੰਜਾਬ ਦੇ ਵੱਡੇ ਮੇਲਿਆਂ ’ਚ ਇਹ ਗਊਆਂ ਹਰ ਸਾਲ ਦੀਆਂ ਲਗਾਤਾਰ ਇਨਾਮੀ ਹਨ। ਨਾਮਧਾਰੀ ਸੰਪਰਦਾ ਦੀ ਮੌਜੂਦਾ ਸਮੇਂ ’ਚ ਦੇਸੀ ਗਊਆਂ ਦੀ ਗਊਸ਼ਾਲਾ ਭੈਣੀ ਸਾਹਿਬ ਅਤੇ ਮਸਤਾਨਗੜ੍ਹ ਹਨ।

**ਚਿਕਿਤਸਾ ਕੈਂਪ**

ਨਾਮਧਾਰੀ ਸੰਪਰਦਾ ਆਰੋਗ ਜੀਵਨ ਲਈ ਬਹੁਤ ਪ੍ਰਚਾਰ ਕਰਦੀ ਹੈ। ਕੁਦਰਤੀ ਇਲਾਜ ਕੇਂਦਰ ਭੈਣੀ ਸਾਹਿਬ ਚਲਦਾ ਹੈ ਜਿਸ ਵਿਚ ਕੁਦਰਤੀ ਢੰਗ ਨਾਲ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਦੋ ਵੱਡੇ ਹਸਪਤਾਲ ਹਨ। ਲੁਧਿਆਣਾ ਵਿਚ 350 ਬੈੱਡਾਂ ਦਾ ਅਤੇ ਸਿਰਸਾ ਵਿਚ 50 ਬੈੱਡਾਂ ਦਾ ਹਸਪਤਾਲ ਹੈ। ਇਹਨਾਂ ਹਸਪਤਾਲਾਂ ਦੀਆਂ ਟੀਮਾਂ ਹਰ ਨਾਮਧਾਰੀ ਮੇਲੇ ’ਚ ਮੁਫ਼ਤ ਮੈਡੀਕਲ ਕੈਂਪ ਲਾਉਂਦੀਆਂ ਹਨ। ਇਸ ਤੋਂ ਬਿਨ੍ਹਾਂ ਕਰੋੜਾਂ ਰੁਪਏ ਦੀ ਚੈਰੀਟੀ ਇਲਾਜ ਹਰ ਸਾਲ ਇਹ ਹਸਪਤਾਲ ਸਮਾਜ ਲਈ ਕਰਦੇ ਹਨ।

**ਦੇਸ਼ ਭਗਤੀ ਭਾਵਨਾ**

ਨਾਮਧਾਰੀ ਲਹਿਰ ਦਾ ਮੂਲ ਆਧਾਰ ਅਧਿਆਤਮਕਤਾ ਦੇ ਨਾਲ-ਨਾਲ ਡੂੰਘੀ ਦੇਸ਼ ਭਗਤੀ ਅਤੇ ਕੌਮੀ ਆਜ਼ਾਦੀ ਦਾ ਜਜ਼ਬਾ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਬਦੇਸ਼ੀ ਹਕੂਮਤ ਦੀ ਗੁਲਾਮੀ ਵਿਰੁੱਧ ਲੋਕਾਂ ਵਿੱਚ ਅਣਖ ਅਤੇ ਸਵੈ-ਮਾਣ ਜਗਾ ਕੇ ਦੇਸ਼ ਭਗਤੀ ਦੀ ਅਜਿਹੀ ਲਹਿਰ ਚਲਾਈ, ਜਿਸ ਨੇ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਇਸ ਦੇਸ਼ ਭਗਤੀ ਦੀ ਭਾਵਨਾ ਅਤੇ ਕੁਰਬਾਨੀ ਦੇ ਇਤਿਹਾਸ ਦੇ ਸੰਦਰਭ ਵਿੱਚ:

> *“ਬਾਬਾ ਰਾਮ ਸਿੰਘ ਜੀ ਅਦੁੱਤੀ ਪੁਰਸ਼ ਸਨ। ਉਹਨਾਂ ਨੇ ਗਰੀਬਾਂ ਦੀ ਰੱਖਿਆ ਲਈ ਬੜੀਆਂ ਕੁਰਬਾਨੀਆਂ ਕੀਤੀਆਂ। ਜਿਥੇ ਵੀ ਜ਼ੁਲਮ ਹੁੰਦਾ ਜ਼ੁਲਮ ਦੇ ਵਿਰੁੱਧ ਡਟਕੇ ਖਲੋ ਜਾਂਦੇ ਸਨ।ਜ਼ੁਲਮ ਹੁੰਦਾ ਵੇਖਕੇ ਉਹ ਜਰ ਨਹੀਂ ਸਕਦੇ ਸਨ। ਉਹ ਸੰਸਾਰ ਵਿਚ ਠੰਢ ਵਰਤਾਉਣਾ ਚਾਹੁੰਦੇ ਹਨ ਜੇਹੜਾ ਕਿ ਭਰੱਪਣਾ ਅਤੇ ਏਕਤਾ ਤੇ ਉਸਰਿਆ ਹੋਵੇ।ਨਾਮਧਾਰੀ ਪੰਥ ਅੱਜ ਕੁਰਬਾਨੀ, ਸਾਦਗੀ ਅਤੇ ਤਰਪਣ ਦਾ ਨਮੂਨਾ ਹੈ। ਸਭ ਦਸਾਂ ਨਹੁੰਆਂ ਦੀ ਕਮਾਈ ਕਰਦੇ ਹਨ ਅਤੇ ਸਭ ਵੰਡ ਛਕਦੇ ਹਨ।ਸਭਨਾਂ ਦੀ ਸ਼ਰਧਾ ਪ੍ਰੇਮ ਵੇਖਕੇ ਸਿਰ ਝੁਕ ਜਾਂਦਾ ਹੈ।”* [14]

ਇੱਥੇ ਇੱਕ ਹੋਰ ਮਹੱਤਵਪੂਰਨ ਪੱਖ ਵੀ ਜਾਣਨਯੋਗ ਹੈ ਨਾਮਧਾਰੀ ਦੇਸ਼ ਭਗਤੀ ਵਿੱਚ ਕਿਸੇ ਹੋਰ ਸਮੁਦਾਇ ਤੋਂ ਪਿੱਛੇ ਨਹੀਂ ਰਹੇ। ਇਹਨਾਂ ਨੇ ਜਿੱਥੇ ਅਧਿਆਤਮਕ, ਭਾਈਚਾਰਕ, ਸੱਭਿਆਚਾਰਕ ਖੇਤਰ ਵਿੱਚ ਅਨੇਕ ਸੁਯਤਨ ਕੀਤੇ ਉੱਥੇ ਆਜ਼ਾਦੀ ਦੀ ਪ੍ਰਾਪਤੀ ਲਈ ਵੀ ਅਨੇਕਾਂ ਮੱਲਾਂ ਮਾਰੀਆਂ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਗ਼ੁਲਾਮੀ ਦਾ ਤੌਕ ਲਾਹੁਣ ਲਈ ਹੀ ਸੰਤ ਖ਼ਾਲਸਾ ਦੀ ਸਾਜਨਾ ਕੀਤੀ। ਇਸ ਸੰਤ ਖ਼ਾਲਸਾ ਨੇ ਬੁੱਚੜਖਾਨਿਆਂ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ। ਅੰਗਰੇਜ਼ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਭਾਰਤੀਆਂ 'ਤੇ ਸਦਾ ਹਾਵੀ ਰਹੀ। ਅੰਗਰੇਜ਼ ਨੇ ਮੁਸਲਮਾਨ ਬੁੱਚੜਾਂ ਨੂੰ ਗਊ ਹੱਤਿਆ ਦੀ ਖੁੱਲ੍ਹ ਦੇ ਦਿੱਤੀ ਜਿਸ ਤੋਂ ਹਿੰਦੂ ਸਿੱਖ ਨਾ ਕੇਵਲ ਦੂਜੇ ਫ਼ਿਰਕੇ ਨਾਲ ਦੁਖੀ ਹੀ ਹੋਏ ਸਗੋਂ ਨਫ਼ਰਤ ਨਾਲ ਖੌਲਣ ਲੱਗ ਪਏ। ਸਤਿਗੁਰੂ ਰਾਮ ਸਿੰਘ ਨੇ ਇੱਥੇ ਇੱਕ ਹੋਰ ਕਰਾਮਾਤ ਕਰ ਵਿਖਾਈ। ਸੁਤੰਤਰਤਾ ਸੰਗਰਾਮ ਨੂੰ ਪ੍ਰਚੰਡ ਕਰਨ ਲਈ ਬਦੇਸ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਅੰਦੋਲਨ ਕੀਤਾ। ਨਾ ਮਿਲਵਰਤਣ ਦਾ ਅੰਦੋਲਨ ਜੋ ਮਹਾਤਮਾ ਗਾਂਧੀ ਰਾਹੀਂ ਬੜੀ ਪ੍ਰਸਿੱਧੀ ਨੂੰ ਪ੍ਰਾਪਤ ਹੋਇਆ, ਉਸ ਦਾ ਆਰੰਭ ਉਨ੍ਹਾਂ ਤੋਂ ਲਗਭਗ ਪੰਜਾਹ ਵਰ੍ਹੇ ਪਹਿਲਾਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ ਸੀ।

ਨਾਮਧਾਰੀਆਂ ਨੇ ਸਰਕਾਰੀ ਅਦਾਲਤਾਂ ਤੇ ਅੰਗਰੇਜ਼ੀ ਵਸਤਾਂ ਦਾ ਬਾਈਕਾਟ ਕੀਤਾ। ਆਪਣਾ ਡਾਕ ਪ੍ਰਬੰਧ ਆਪ ਬਣਾਇਆ ਤੇ ਆਪ ਹੀ ਖੱਤ ਪੱਤਰ ਲੋਕਾਂ ਤੱਕ ਪਹੁੰਚਾਉਂਦੇ ਰਹੇ। ਹੋਰ ਤਾਂ ਹੋਰ ਜਦੋਂ ਅੰਗਰੇਜ਼ ਪੰਜਾਬੀਆਂ ਨੂੰ ਲਾਮਬੰਦ ਕਰਨ ਲਈ ਤਤਪਰ ਹੋਏ ਸਤਿਗੁਰਾਂ ਨੇ ਸਾਰੇ ਪੰਜਾਬ ਵਿੱਚ 22 ਸੂਬਿਆਂ ਨੂੰ ਨੀਅਤ ਕਰਕੇ ਲੋਕਾਂ ਤਾਈਂ ਆਪਣਾ ਸੰਦੇਸ਼ ਭੇਜਿਆ ਤੇ ਇਸ ਦਾ ਵਿਰੋਧ ਕੀਤਾ। ਇੱਕ ਪਾਸੇ, ਅੰਗਰੇਜ਼ ਸਰਕਾਰ ਭੈਅਭੀਤ ਹੋਈ ਦੂਜੇ ਪਾਸੇ, ਦੇਸ਼ ਭਗਤੀ ਦਾ ਜਜ਼ਬਾ ਠਾਠਾਂ ਮਾਰਨ ਲੱਗ ਪਿਆ। ਫਲਸਰੂਪ, ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲੇ ਵਰਗੇ ਦਿਲ ਕੰਬਾਊ ਤੇ ਬੁਲੰਦ ਹੌਂਸਲਿਆਂ ਨਾਲ ਗੂੰਜਦੇ ਸਾਕੇ ਹੋਂਦ ਵਿਚ ਆਏ। ਸਾਰਾ ਦੇਸ਼ ਜਾਗ ਪਿਆ। ਇਕ ਨਵੀਂ ਕ੍ਰਾਂਤੀ ਉਦੈ ਹੋਈ। ਆਜ਼ਾਦੀ ਦੇ ਨਗਮੇ ਲੋਕ ਬੁਲ੍ਹਾਂ ਤੇ ਕੂਕਣ ਲੱਗੇ। ਘਬਰਾਈ ਸਰਕਾਰ ਨੂੰ ਹੋਰ ਕੁਝ ਨਾ ਸੁੱਝਾ ਤੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਬਰਮਾ ਦੀ ਜੇਲ੍ਹ ਵਿੱਚ ਭੇਜ ਦਿੱਤਾ। ਹੁਣ ਜਾਗ੍ਰਤ ਹੋਏ ਨਾਮਧਾਰੀ ਅੰਗਰੇਜ਼ ਦੇ ਜ਼ੁਲਮ ਤੇ ਤਸ਼ੱਦਦ ਦਾ ਸ਼ਿਕਾਰ ਹੋ ਗਏ। ਸਰਕਾਰ ਨੇ ਇਸ ਧਾਰਮਿਕ ਜਮਾਤ ਉੱਤੇ ਇਥੋਂ ਤੱਕ ਪਾਬੰਦੀ ਲਾਈ ਕਿ ਪੰਜ ਤੋਂ ਵੱਧ ਬੰਦੇ ਇੱਕ ਥਾਂ ਇਕੱਠੇ ਨਹੀਂ ਸਨ ਹੋ ਸਕਦੇ। ਇਹਨਾਂ ਦੇ ਪਾਠ ਕਰਨੇ ਵਰਜਿਤ ਹੋ ਗਏ। ਉਦੋਂ ਅਨੇਕਾਂ ਨਾਮਧਾਰੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਕਰਕੇ ਸਜ਼ਾਵਾਂ ਮਿਲੀਆਂ। ਕਈਆਂ ਦੀਆਂ ਕੁਰਕੀਆਂ ਹੋ ਗਈਆਂ। ਡੇਰੇ 'ਤੇ ਪੁਲਿਸ ਦਾ ਪਹਿਰਾ ਬਿਠਾ ਦਿੱਤਾ ਗਿਆ। ਇਹ ਸਾਰਾ ਕੁਝ ਨਾਮਧਾਰੀ ਗੁਰੂ ਹਰੀ ਸਿੰਘ ਜੀ ਦੇ ਸਾਹਮਣੇ ਵਾਪਰਿਆ ਤੇ ਉਹਨਾਂ ਨੇ ਸ਼ਾਂਤ ਚਿੱਤ ਰਹਿ ਕੇ ਸਮਾਂ ਕੱਢਿਆ ਪਰ ਦੇਸ਼ ਭਗਤੀ ਦਾ ਜੋਸ਼ ਮੱਠਾ ਨਾ ਪੈਣ ਦਿੱਤਾ।

ਸਮੁੱਚੇ ਤੌਰ 'ਤੇ, ਸਿੱਖ ਇਤਿਹਾਸ ਅਤੇ ਸਮਾਜ ਵਿੱਚ ਨਾਮਧਾਰੀ ਸੰਪਰਦਾ ਦਾ ਯੋਗਦਾਨ ਬਹੁ-ਪੱਖੀ ਤੇ ਲਾਸਾਨੀ ਰਿਹਾ ਹੈ। ਇਸ ਲਹਿਰ ਨੇ ਧਾਰਮਿਕ ਕਦਰਾਂ-ਕੀਮਤਾਂ ਦੀ ਪੁਨਰ-ਸੁਰਜੀਤੀ ਦੇ ਨਾਲ-ਨਾਲ ਸਮਾਜ ਸੁਧਾਰ, ਇਸਤਰੀ ਉਥਾਨ, ਸਵਦੇਸ਼ੀ ਚੇਤਨਾ ਅਤੇ ਕੌਮੀ ਆਜ਼ਾਦੀ ਦੇ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਈ। ਗੁਰਮਤਿ ਸੰਗੀਤ, ਖੇਡਾਂ, ਵਿੱਦਿਆ, ਗਊ ਸੰਭਾਲ ਅਤੇ ਲੋਕ-ਭਲਾਈ ਕਾਰਜਾਂ ਰਾਹੀਂ ਇਸ ਸੰਪਰਦਾ ਨੇ ਭਾਰਤੀ ਵਿਰਾਸਤ ਨੂੰ ਨਵੇਂ ਮਿਆਰ ਬਖ਼ਸ਼ੇ ਹਨ। ਅਜੋਕਾ ਨਾਮਧਾਰੀ ਸਮਾਜ ਵੀ ਦੇਸੀ ਪਹਿਰਾਵੇ ਨੂੰ ਤਰਜੀਹ ਦਿੰਦਾ ਹੈ ਅਤੇ ਸਨਾਤਨ ਭਾਰਤੀ ਪ੍ਰੰਪਰਾਵਾਂ ਦਾ ਸਨਮਾਨ ਕਰਦਾ ਹੈ। ਇਸ ਸਮੇਂ ਇਸ ਸੰਪਰਦਾ ਦੇ ਮੁੱਖੀ ਸਤਿਗੁਰੂ ਉਦੇ ਸਿੰਘ ਜੀ ਹਨ, ਜਿਨ੍ਹਾਂ ਦੀ ਅਗਵਾਈ ਹੇਠ ਇਹ ਸਮਾਜ ਮਨੁੱਖਤਾ ਦੇ ਸਰਬਪੱਖੀ ਵਿਕਾਸ ਲਈ ਨਿਰੰਤਰ ਕਾਰਜਸ਼ੀਲ ਹੈ।

## ਹਵਾਲੇ ਅਤੇ ਟਿੱਪਣੀਆਂ


1. *ਗਿਆਨੀ ਗਿਆਨ ਸਿੰਘ, (1974), ਸ੍ਰੀ ਗੁਰ ਪੰਥ ਪ੍ਰਕਾਸ਼ (ਸੰਪਾ.) ਗਿਆਨੀ ਕਿਰਪਾਲ ਸਿੰਘ, ਮਨਮੋਹਨ ਸਿੰਘ ਬਰਾੜ, ਗਲੀ ਸ਼ਹੀਦ ਬੁੰਗਾ ਸ੍ਰੀ ਅੰਮ੍ਰਿਤਸਰ, ਪੰਨਾ: 2627*
2. *ਸ. ਕਪੂਰ ਸਿੰਘ ਆਈ.ਸੀ.ਐਸ,(1958) ਸਪਤ ਸ੍ਰਿੰਗ, ਲਾਹੌਰ ਬੁਕ ਸ਼ਾਪ, ਚੌਂਕ ਘੰਟਾ ਘਰ, ਲੁਧਿਆਣਾ, ਪੰਨਾ: 17-18.*
3. *ਧਨੀ ਰਾਮ ਚਾਤ੍ਰਿਕ, (1987) ਸ੍ਰੀ ਸਤਿਗੁਰੂ ਰਾਮ ਸਿੰਘ (ਸੰਪਾ.) ਨਿਹਾਲ ਸਿੰਘ, ਨਾਮਧਾਰੀ ਦਰਬਾਰ, ਭੈਣੀ ਸਾਹਿਬ, ਪੰਨਾ: 83*
4. *ਗਿਆਨੀ ਗਿਆਨ ਸਿੰਘ, ਓਹੀ, ਪੰਨਾ: 2813*
5. *9th June Major Mc Andrew, Deputy Inspector Gen. of police Lahore. Docoment Collect by Nahar Singh, Kirap Singh.*
6. *ਸ. ਕਪੂਰ ਸਿੰਘ ਓਹੀ ਪੰਨਾ: 11*
7. *Encyclopaedia Britannica, Vol 8, pp: 142*
8. *Prof. Ruchi Ram Sahni, (1922), Gurdwara Reform Movemnet, pp: 34.*
9. *Nahar Singh, Kirpal Singh, (1989) Rebels Against The British Rule,Atlantic Publishers & Distributors pp: 27*
10. *ਕੂਕਾ ਅੰਦੋਲਨ ਅਤੇ ਸ਼ਹੀਦ ਭਗਤ ਸਿੰਘ, (2017), ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਪੰਨਾ: 28*
11. *ਨਾਮਧਾਰੀ ਲਹਿਰ (ਸੰਪਾ.) ਹਰਮਿੰਦਰ ਸਿੰਘ ਬੇਦੀ ਅਤੇ ਜਸਵਿੰਦਰ ਸਿੰਘ, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਪੰਨਾ: 222*
12. *ਜਸਵੰਤ ਸਿੰਘ ਮਸਤ, ਭਜਨ ਸਿੰਘ, ਗੁਰਲਾਲ ਸਿੰਘ,(1919), ਸਿੱਖੀ ਦੀ ਸ਼ਾਨ- ਨਾਮਧਾਰੀ ਹਾਕੀ ਟੀਮ, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਪੰਨਾ: 201*
13. *ਡਾ. ਫੌਜਾ ਸਿੰਘ, (2023) ਕੂਕਾ ਅੰਦੋਲਨ, ਅਨੁ. ਡਾ. ਕੁਲਦੀਪ ਸਿੰਘ, ਸੈਂਟਰਲ ਯੂਨੀ. ਆਫ਼ ਪੰਜਾਬ ਬਠਿੰਡਾ, ਪੰਨਾ: 108*
14. *ਕਾਮਰੇਡ ਸੋਹਣ ਸਿੰਘ ਜੋਸ਼, ਸਤਿਗੁਰੂ ਰਾਮ ਸਿੰਘ (ਆਰਟੀਕਲ), ਬਸੰਤ ਅੰਕ, ਪੰਨਾ: 15*



### *Cite this Article-*

*ਗੁਰਲਾਲ ਸਿੰਘ (Gurlal Singh), ਨਾਮਧਾਰੀ ਸੰਪਰਦਾ: ਜਨਮ, ਵਿਕਾਸ ਅਤੇ ਵਰਤਮਾਨ (Namdhari Samparda: Janam, Vikas Ate Vartmaan), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 92-100.*

*Journal URL: www.armaan.org.in*

*DOI: https://doi.org/10.64119/armaan.vol.4.issue3.18*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/